**ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ ( ਪੁਲ ਤੇ ਸੜਕਾਂ)**
**ਪੰਜਾਬ ਰਾਜ ਸੜਕ ਖੇਤਰ ਪ੍ਰਜੈਕਟ**
**ਮੁੜ ਵਸੇਬਾ ਅਤੇ ਮੁੜ ਸਥਾਪਣ (ਆਰ ਐਂਡ ਆਰ) ਕਰਨ ਸਬੰਧੀ ਨੀਤੀ -ਢਾਂਚਾ।**

**ਭੂਮਿਕਾ**

1) ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ ( ਪੀ. ਆਰ . ਬੀ. ਡੀ. ਬੀ.) ਅਤੇ ਪੰਜਾਬ ਸਰਕਾਰ ਨੇ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਪੰਜਾਬ ਰਾਜ ਸੜਕ ਖੇਤਰ ਪ੍ਰਜੈਕਟ (ਪੀ. ਐਸ. ਆਰ. ਐਸ. ਪੀ ) ਦਾ ਨਿਰਮਾਣ ਕਾਰਜ ਹੱਥ ਵਿਚ ਲਿਆ ਹੈ। ਪੀ. ਐਸ. ਆਰ. ਐਸ. ਪੀ ਦਾ ਮੁੱਖ ਮਨੋਰਥ ਲਗਭਗ 1100 ਕਿਲੋਮੀਟਰ ਰਾਜ ਮਾਰਗਾਂ ( ਐਸ.ਐਚਜ) ਅਤੇਮੁੱਖ ਜਿਲਾ ਸੜਕਾਂ ( ਐਮ.ਡੀ ਆਰਜ਼.)ਜੋ ਕਿ ਸਮੁੱਚੇ ਪੰਜਾਬ ਰਾਜ ਭਰ ਵਿੱਚ ਫੈਲੀਆਂ ਕੁਝ 1700 ਕਿਲੋਮੀਟਰ ਲੰਮੀਆਂ ਸੜਕਾਂ ਵਿਚੋਂ ਚੁਣੀਆਂ ਜਾਣੀਆ ਹਨ, ਨੂੰ ਮੁੜ ਵਿਛਾਉਣਾ ਅਤੇ ਬਿਹਤਰ ਬਣਾਉਣਾ ਹੈ। ਇਸ ਤਰ੍ਹਾਂ ਦੀਆਂ ਸੜਕਾਂ ਦੇ ਮੁੜ ਵਿਛਾਉਣ ਦੇ .ਸਾਇਦ ਅਹਿਮ ਪ੍ਰਤੀਕੂਲ ਪ੍ਰਭਾਵ ਨਾ ਪੈਣ, ਪ੍ਰੰਤੂ ਉਨ੍ਹਾਂ ਨੂੰ ਬਿਹਤਰ ਬਣਾਉਣ ਦਰਜਾ ਵਧਾਉਣ ( ਜਿਸ ਵਿੱਚ ਮੌਜੂਦਾ ਸੜਕਾਂ ਨੂੰ ਚੌੜਿਆਂ ਕਰਨਾ, ਨਵੀਆਂ ਸੜਕਾਂ / ਬਾਈ ਪਾਸਾਂ ਦੀ ਉਸਾਰੀ ਦਾ ਨਿਰਮਾਣ, ਮੁੜ ਜੋੜਨਾ ਅਤ ਜੰਕਸ਼ਨ (ਜੋੜ- ਮੇਲ ਦੀ ਥਾਂ/ ਸੁਧਾਰ ਆਦਿ) ਦੇ ਸਿੱਟੇ ਵੱਜੋਂ ਅਤੇ ਢਾਂਚਿਆਂ ਦੀ ਪ੍ਰਾਪਤੀ ਅਤੇ ਹੋਰਨਾਂ ਜਾਇਦਾਦਾਂ ਉਤੇ ਵੀ ਪ੍ਰਤੀਕੂਲ ਪ੍ਰਭਾਵ ਪੈਣਗੇ ਜਿਸ ਨਾਲ ਉਪਜੀਵੀਕਾ ਵਿੱਚ ਵਿਘਨ ਪਵੇਗਾ ਇਸ ਤੋਂ ਇਲਾਵਾ, ਇਸ ਗੱਲ ਦੀ ਵੀ ਸੰਭਾਵਨਾ ਹੈ ਕਿ ਕੁਝ ਸਾਂਝੀ ਜਾਇਦਾਦ ਵਾਲੇ ਵਸੀਲੇ (ਸੀ. ਪੀ. ਆਰਜ਼), ਜਿਵੇਂ ਕਿ ਧਾਰਮਿਕ ਢਾਂਚੇ ਬੱਸ ਅੱਡਿਆਂ ਉਤੇ ਮੁਸਾਫਰਾਂ ਦੇ ਸ਼ਰਨ ਸਥਾਨ, ਹੱਥ ਨਲਕਿਆਂ ਅਦਿ ਉਤੇ ਵੀ ਪ੍ਰਤੀਕੂਲ ਪ੍ਰਭਾਵ ਪੈ ਸਕਦਾ ਹੈ।

2) ਪੰਜਾਬ ਸਰਕਾਰ ਲੋਕਾਂ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਦੇ ਉਨ੍ਹਾ ਦੀ ਮਰਜੀ ਤੋਂ ਬਿਨਾ ਵਿਸਥਾਪਨ ਕਰਨ ਜੋ ਕਿ ਇਸ ਪ੍ਰਾਜੈਕਟ ਦੇ ਅਮਲ ਵਿਚ ਲਿਆਏ ਜਾਣ ਦੇ ਪੜਾਅ ਦੌਰਾਨ ਪਰਿਣਾਮ ਵਜੋਂ ਹੋਵੇਗਾ ਨੂੰ ਠੀਕ ਕਰਨ ਦੀ ਲੋੜ ਨੂੰ ਸਮਝਦੀ ਹੈ ਇਸ ਤਰ੍ਹਾਂ ਪੀ. ਐਸ. ਆਰ. ਐਸ.ਪੀ. ਦੇ ਤਹਿਤ ਪ੍ਰਭਾਵਿਤ ਵਿਅਕਤੀਆਂ ਦਾ ਮੁੜ-ਵਸੇਬਾ ਅਤੇ ਮੁੜ ਵਿਸਥਾਪਨ ਲੋੜੀਂਦਾ ਹੋਵੇਗਾ। ਰਾਜ ਸਰਕਾਰ ਨੇ ਮੌਜੂਦਾ ਕੰਡੀ ਜਲ ਵਿਭਾਜਕ (ਵਾਟਰ ਸ਼ੈਡ ) ਆਰ. ਐਂਡ ਆਰ ਨੀਤੀ, ਪ੍ਰਾਜੈਕਟ ਪ੍ਰਭਾਵਿਤ ਪਰਿਵਾਰਾਂ ਲਈ ਆਰ. ਐਂਡ ਆਰ. ਸਬੰਧੀ ਕੌਮੀ ਨੀਤੀ 2003 (ਐਨ.ਪੀ. ਆਰ. ਐਂਡ ਆਰ) ਅਤੇ ਅਣਇਛਤ ਮੁੜ ਵਸੇਬੇ ਸਬੰਧੀ ਵਿਸ਼ਵ ਬੈਂਕ ਦੀਆਂ ਅਗਵਾਹੀ ਲੀਹਾਂ ਦੇ ਮੁਤਾਬਿਕ ਇਹ ਮੁੜ ਵਸੇਬਾ ਅਤੇ ਪੁਨਰ ਸਥਾਪਨ ਨੀਤੀ ਘੜੀ ਹੈ।

3) ਪੀ. ਐਸ. ਆਰ. ਐਸ.ਪੀ ਦੇ ਪ੍ਰਸੰਗ ਵਿਚ ਮੁਨਾਸਿਬ ਵੱਖ-ਵੱਖ ਐਕਟ ਨਿਮਨ ਅਨੁਸਾਰ ਹਨ -

ੳ ਭੌਂ ਪ੍ਰਾਪਤੀ ਐਕਟ 1894 (ਜਿਵੇਂ ਕਿ 1984 ਵਿੱਚ ਸੋਧਿਆ ਗਿਆ )

ਅ ਪੰਜਾਬ ਮੁਜ਼ਾਰੇਦਾਰੀ ਐਕਟ 1887।

ੲ ਪੰਜਾਬ ਪਿੰਡ ਸਾਂਝੀਆਂ ਜ਼ਮੀਨਾਂ (ਵਿਨਿਯਮ ਐਕਟ,1961)

ਸ ਪੰਜਾਬ ਭੌਂ ਮਾਲੀਆ ਐਕਟ- 1967

ਹ ਪੰਜਾਬ ਜਨਤਕ ਪਰਿਸੀਮਾਵਾਂ ਅਤੇ ਭੌਂ (ਖਾਲੀ ਕਰਵਾਉਣ ਅਤੇ ਕਿਰਾਇਆ ਵਸੂਲੀ,) ਐਕਟ 1973।

ਕ ਪੰਜਾਬ ਧਾਰਮਿਕ ਪਰਿਸੀਮਾਵਾਂ ਅਤੇ ਭੌਂ ਖਾਲੀ ਕਰਵਾਉਣ ਅਤੇ ਕਿਰਾਇਆ ਵਸੂਲੀ ਐਕਟ 1997।

ਖ- ਰੇਲ, ਸੜਕ ਅਤੇ ਸ਼ਾਹ ਮਾਰਗ ਪ੍ਰਾਜੈਕਟਾਂ ਲਈ ਵਾਤਾਵਰਣਕ ਅਗਵਾਈ ਲੀਹਾਂ ਐਸ. ਓ. ਈ.,ਐਫ. 1989 ।

4) ਇਨ੍ਹਾਂ ਐਕਟਾਂ ਬਾਰੇ ਸੰਖੇਪ ਵੇਰਵੇ **ਅਨੁਲਗ-1** ਵਿਚ ਦਰਸਾਇਆ ਗਿਆ ਹੈ। ਇਹਨਾਂ ਐਕਟਾਂ ਅਤੇ ਕਾਨੂੰਨਾਂ ਦੀ ਉਚਿਤ ਜਾਣਕਾਰੀ ਲਈ, ਅਸਲ ਦਸਤਾਵੇਜ ਦੇਖ ਲਏ ਜਾਣ।

**ਮੁੜ ਵਸੇਬਾ ਅਤੇ ਪੁਨਰ-ਸਥਾਪਨਾ ਨੀਤੀ ਦੇ ਉਦੇਸ਼**

5) **ਇਸ ਆਰ. ਐਂਡ ਆਰ ਨੀਤੀ ਦੇ ਮੁੱਖ ਉਦੇਸ ਨਿਮਨ ਅਨੁਸਾਰ ਹਨ :-**

ੳ ਵਿਸਥਾਪਨ ਨੂੰ ਘੱਟ ਤੋਂ ਘੱਟ ਕਰਨਾ ਅਤੇ ਗੈਰ - ਵਿਸਥਾਪਨ ਜਾਂ ਘੱਟ ਤੋਂ ਘੱਟ ਵਿਸਥਾਪਨ ਕਰਨ ਸਬੰਧੀ ਵਿਕਲਪਾਂ ਦੀ ਸ਼ਨਾਖਤ ਕਰਨਾ

ਅ ਪ੍ਰਭਾਵਿਤ ਹੋਣ ਯੋਗ ਵਰਗਾਂ ਦੀਆਂ ਵਿਸ਼ੇਸ਼ ਲੋੜਾਂ ਸਮੇਤ ਪ੍ਰਾਜੈਕਟ ਪ੍ਰਭਾਵਿਤ ਪਰਿਵਾਰਾਂ( ਪੀ.ਏ. ਐਫਜ਼) ਦੇ ਮੁੜ ਵਸੇਬੇ ਅਤੇ ਪੁਨਰ ਸਥਾਪਨ ਦੀ ਵਿਓਂਤਬੰਦੀ ਕਰਨਾ।

ੲ ਪ੍ਰਭਾਵਿਤ ਵਿਅਕਤੀਆਂ ਦੀ ਉਨ੍ਹਾਂ ਦੇ ਪੂਰਬਲੇ ਜਿਊਣ ਮਿਆਰਾਂ, ਆਮਦਨ- ਅਤੇ ਉਤਪਾਦਨ ਪੱਧਰਾਂ ਨੂੰ ਬਰਕਰਾਰ ਰੱਖਣ ਲਈ ਮੁੜ ਬਹਾਲ ਕਰਨ ਵਿਚ ਸਹਾਇਤਾ ਕਰਨੀ।

ਸ ਆਪਸੀ ਸਹਿਯੋਗ ਅਤੇ ਨਿਯਮਤ ਤਾਲਮੇਲ ਰਾਹੀਂ ਤਾਮੀਲੀ ਅਥਾਰਿਟੀ (ਪ੍ਰਾਪਤੀ ਸੰਗਠਨ) ਅਤੇ ਪੀ.ਏ. ਐਫਜ਼ ਦਰਮਿਆਨ ਸਦਭਾਵਨਾ ਵਾਲੇ ਸਬੰਧ ਬਣਾਉਣ ਵਿਚ ਸਹਾਇਤਾ ਕਰਨੀ।

ਹ ਇਸ ਗੱਲ ਨੂੰ ਯਕੀਨੀ ਬਣਾਉਣਾ ਕਿ ਪ੍ਰਭਾਵਿਤ ਵਿਅਕਤੀਆਂ ਨੂੰ ਸਾਰਥਿਕ ਸਲਾਹ ਦਿੱਤੀ ਜਾਂਦੀ ਹੈ। ਇਸ ਨੀਤੀ ਨੂੰ ਹੋਰ ਅਧਿਕ ਸਮੂਲੀਅਤ ਵਾਲੀ ਅਤੇ ਇਸ ਦੇ ਘੇਰੇ ਨੂੰ ਵਿਆਪਕ ਆਧਾਰ ਵਾਲੀ ਬਣਾਉਣ ਲਈ ਮੁੜ ਵਸੇਬਾ ਪ੍ਰੋਗਰਾਮ ਦੇ ਯੋਜਨਾ ਬੰਦੀ ਅਤੇ ਲਾਗੂ ਕਰਨ ਪੜਾਂਵਾਂ ਵਿਚ ਭਾਗੀ ਦਾਰੀ ਲਈ ਮੌਕੇ ਮੁਹੱਈਆ ਕਰਵਾਏ ਜਾਂਦੇ ਹਨ।

**ਧਾਰਨਾਵਾਂ ਅਤੇ ਪ੍ਰੀਭਾਸ਼ਾਵਾਂ**

6 **ਧਾਰਨਾਵਾਂ**

ੳ **ਠੇਕਾ ਖੇਤੀਬਾੜੀ** (ਠੇਕਾ):-ਠੇਕਾ ਖੇਤੀਬਾੜੀ ਵਿਚ ਆਮ ਤੌਰ ਤੇ ਜ਼ਮੀਨ ਮਾਲਕ ਦੁਆਰਾ ਠੇਕਾ - ਕਿਸਾਨ ਨੂੰ ਇਕ ਸਾਲ ਦੇ ਸਮੇਂ ਲਈ ਕਾਸ਼ਤ ਕਾਰੀ ਦੇ ਮੰਤਵ ਲਈ ਪੱਟੇ ਉਤੇ ਦਿਤੀ ਜਾਂਦੀ ਹੈ। ਠੇਕਾ ਕਿਸਾਨ ਸਾਰੇ ਨਿਵੇਸ਼ਾਂ ਦਾ ਖਰਚ ਉਠਾਓਂਦਾ ਹੈ ਅਤੇ ਫਸਲ (ਉਪਜ) ਲੈ ਜਾਂਦਾ ਹੈ ਜਦੋਂ ਕਿ ਮਾਲਕ ਇਕ ਨਿਸਚਿਤ ਫੀਸ ਜਾਂ ਕਿਰਾਇਆ(ਠੇਕਾ) ਪ੍ਰਾਪਤ ਕਰਦਾ ਹੈ ਜੋ ਕਿ ਆਮ ਤੌਰ ਤੇ ਨਕਦ ਰਕਮ ਵਿਚ ਜਾਂ ਜਿਨਸ ਦੇ ਰੂਪ ਵਿਚ ਹੁੰਦਾ ਹੈ।

ਅ **ਨੋਟੀਫਿਕੇਸ਼ਨ**:- ਉਸ ਸਰਕਾਰੀ ਨੋਟੀਫਿਕੇਸ਼ਨ ਨਾਲ ਸਬੰਧਤ ਹੈ ਜੋ ਕਿ ਇਸ ਪ੍ਰਾਜੈਕਟ ਦੇ ਮੰਤਵ ਲਈ ਜ਼ਮੀਨ ਪ੍ਰਾਪਤ ਕਰਨ ਲਈ ਸਰਕਾਰੀ ਗਜ਼ਟ ਵਿੱਚ ਛਾਪੀ ਜਾਂਣੀ ਲੋੜੀਂਦੀ ਹੈ।

ੲ **ਗ੍ਰਾਮ ਪੰਚਾਇਤ**:-ਪਿੰਡ ਪੱਧਰ ਉਤੇ ਸੰਵਿਧਾਨਕ ਤੌਰ ਤੇ ਚੁਣਿਆ ਹੋਇਆ ਸਥਾਨਕ ਸਵੈ-ਸਰਕਾਰੀ ਸੰਗਠਨ।

ਸ **ਸਰਪੰਚ**:-ਕਿਸੇ ਗ੍ਰਾਮ ਪੰਚਾਇਤ ਦੇ ਚੁਣੇ ਹੋਏ ਮੁੱਖੀ ਨੂੰ ਕਿਹਾ ਜਾਂਦਾ ਹੈ।

ਹ **ਪ੍ਰਾਜੈਕਟ ਅਥਾਰਿਟੀ**:-ਉਸ ਸਮਰੱਥ ਅਥਾਰਿਟੀ ਨਾਲ ਸਬੰਧਤ ਹੈ ਜਿਸ ਕੋਲ ਉਕਤ ਪ੍ਰਾਜੈਕਟ ਨੂੰ ਅਮਲ ਵਿੱਚ ਲਿਆਉਣ ਸਬੰਧੀ ਸਮੁੱਚਾ ਕੰਟਰੋਲ ਅਤੇ ਨਿਗਰਾਨੀ ਹੋਵੇ।( ਇਸ ਪ੍ਰਾਜੈਕਟ ਦੇ ਪ੍ਰਸੰਗ ਵਿੱਚ ਪੀ. ਆਰ.ਬੀ.ਡੀ.ਬੀ. ) ।

ਕ **ਪੱਕਾ ਢਾਂਚਾ**:-ਉਨ੍ਹਾਂ ਇਮਾਰਤਾਂ ਅਤੇ ਢਾਂਚਿਆਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦੀਆਂ ਕੰਧਾਂ ਅਤੇ ਛੱਤਾਂ ਹੰਢਣਯੋਗ ਮਾਲ -ਸਮੱਗਰੀ ਦੀਆਂ ਬਣੀਆਂ ਹੁੰਦੀਆਂ ਹਨ। ਕੰਧਾਂ ਦੀਆਂ ਮਾਲ ਸਮੱਗਰੀਆਂ ਪੱਕੀਆਂ ਇੱਟਾਂ, ਪੱਥਰਾਂ ਜਾਂ ਰੋੜੀ ਦੀਆਂ ਹੋ ਸਕਦੀਆਂ ਹਨ । ਛੱਤਾਂ ਆਰ.ਸੀ.ਸੀ. ( ਸੀਮਟ ਅਤੇ ਰੋੜੀ ਦੀ ਘਾਣੀ) ਜਾਂ ਆਰ.ਬੀ.ਸੀ. (ਇੱਟਾਂ ਤੇ ਰੋੜੀ ਦੀ ਘਾਣੀ) ਦੀਆਂ ਬਣੀਆਂ ਹੋ ਸਕਦੀਆਂ ਹਨ।

ਖ **ਕੱਚਾ ਢਾਂਚਾ**:- ਉਨ੍ਹਾਂ ਇਮਾਰਤਾਂ ਅਤੇ ਢਾਂਚਿਆਂ ਨੰ ਕਿਹਾ ਗਿਆ ਹੈ ਜਿਹਨਾਂ ਦੀਆਂ ਕੰਧਾਂ ਅਤੇ ਛੱਤਾਂ ਉਨ੍ਹਾਂ ਮਾਲ -ਸਮੱਗਰੀਆਂ ਦੀਆਂ ਬਣੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਛੇਤੀ-ਛੇਤੀ ਬਦਲਣਾ ਪੈਂਦਾ ਹੈ। ਇਹ ਕੰਧਾਂ ਇਹੋ ਜਿਹਿਆਂ ਮਾਲ ਸਮੱਗਰੀਆਂ ਦੀਆਂ ਬਣੀਆਂ ਹੋ ਸਕਦੀਆਂ ਹਨ ਜਿਵੇਂ ਘਾਹ ,ਫੂਸ, ਬਾਂਸ,ਕਾਂਨੇ, ਪਲਾਸਟਿਕ ਪੋਲੀਥਿਨ, ਕੱਚੀਆਂ ਇੱਟਾਂ ਜਾਂ ਲੱਕੜ। ਛੱਤਾਂ ਅਜਿਹੀਆਂ ਮਾਲ - ਸਮੱਗਰੀਆਂ ਦੀਆਂ ਬਣੀਆਂ ਹੋ ਸਕਦੀਆਂ ਹਨ ਜਿਵੇਂ ਕਿ ਘਾਹ-ਫੂਸ, ਛੱਪਰ, ਬਾਂਸ, ਲੱਕੜ, ਗਾਰਾ, ਪਲਾਸਟਿਕ ਜਾਂ ਪੋਲੀਥਿਨ ।

ਗ **ਰਸਤੇ ਦਾ ਹੱਕ**:- ( ਆਰ.ਓ. ਡਬਲਿਊ.) ਸੜਕਾਂ ਦੇ ਨਾਲ-ਨਾਲ ਜੰਤਾ ਲਈ ਵਰਤੋਂ ਯੋਗ ਥਾਵਾਂ ਨੂੰ ਬਰਕਰਾਰ ਰੱਖਣ ਦੇ ਮੰਤਵ ਲਈ ਸਰਕਾਰ ਜਾਂ ਕਿਸੇ ਸਥਾਨਕ ਸਗੰਠਨ ਜਾਂ ਕਾਨੂੰਨੀ ਅਥਾਰਿਟੀ ਨਾਲ ਸਬੰਧਿਤ ਜਾਂ ਉਸ ਦੁਆਰਾ ਪ੍ਰਾਪਤ ਕੀਤੀ ਭੋਂ ਲਈ ਕਿਹਾ ਜਾਂਦਾ ਹੈ।

ਘ **ਹਿੱਸਾ ਆਧਾਰ ਤੇ ਕਾਸ਼ਤਕਾਰੀ** ( **ਬਟਾਈ**):- ਜ਼ਮੀਨ ਆਮ ਤੌਰ ਤੇ ਸਾਂਝੀ ਕਾਸ਼ਤਕਾਰੀ ਲਈ ਮਾਲਕ ਦੁਆਰਾ ਕਿਸੇ ਹੋਰ ਕਿਸਾਨ ਨੂੰ ਵਟਾਈ ਉਤੇ ਦੇ ਕੇ ਸਾਂਝੇ ਤੌਰ ਤੇ ਖੇਤੀ ਕਰਨ ਲਈ ਇਕ ਸਾਲ ਲਈ ਪੱਟੇ ਉਤੇ ਦਿੱਤੀ ਜਾਂਦੀ ਹੈ । ਸਾਂਝੇ ਤੌਰ ਤੇ ਹਿੱਸਾ ਵਟਾਉਣ ਵਾਲਾ ਵਿਅਕਤੀ ਆਮ ਤੌਰ ਤੇ ਠੇਕੇ ਦੇ ਸਮੇਂ ਦੌਰਾਨ ਪੈਦਾ ਕੀਤੀ ਗਈ ਓਪਜ ਦਾ ਅੱਧਾ ਹਿੱਸਾ ਲੈ ਜਾਂਦਾ ਹੈ।

**ਪਰਿਭਾਸ਼ਾਵਾਂ**

ੳ **ਪਰਿਭਾਸ਼ਾਵਾਂ ਖੇਤਰ**:- ਉਸ ਪ੍ਰਾਜੈਕਟ ਅਧੀਨ ਪਿੰਡ ਜਾਂ ਸਥਾਨ ਦੇ ਉਸ ਖੇਤਰ ਨੂੰ ਕਿਹਾ ਜਾਂਦਾ ਹੈ ਜਿਸ ਦੇ ਲਈ ਜ਼ਮੀਨ ਉਚਿਤ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਨੋਟੀਫਿਕੇਸ਼ਨ ਦੁਆਰਾ ਐਲਾਨ ਕਰਕੇ ਭੋਂ -ਪ੍ਰਾਪਤੀ ਐਕਟ-1894 (ਜਿਵੇਂ ਉਸ ਵਿੱਚ 1984 ਵਿੱਚ ਤਰਮੀਮ ਕੀਤੀ ਗਈ) ਜਾਂ ਲਾਗੂ ਕਿਸੇ ਵੀ

ਹੋਰ ਐਕਟ ਦੇ ਤਹਿਤ ਪ੍ਰਾਪਤ ਕੀਤੀ ਜਾਵੇਗੀ ਜਾਂ ਜਿਸ ਦੇ ਲਈ ਸਰਕਾਰ ਨਾਲ ਸਬੰਧਿਤ ਜ਼ਮੀਨ ਨੂੰ ਅੜਿਕਿਆਂ ਤੋਂ ਕਲੀਅਰ ਕੀਤਾ ਜਾਵੇਗਾ।

ਅ **ਜ਼ਰਾਇਤੀ ਭੋਂ**:- ਨਿਮਨ-ਮੰਤਵ ਲਈ ਵਰਤੋਂ ਵਿੱਚ ਲਿਆਂਦੀ ਗਈ ਜਮੀਨ ਵਰਤੋਂ ਕੀਤੇ ਜਾਣ ਦੀ ਸਮਰੱਥਾ ਵਾਲੀ ਜ਼ਮੀਨ ਹੈ।

ੲ ਖੇਤੀਬਾੜੀ ਜਾਂ ਬਾਗਬਾਨੀ, ਡਾਕਟਰੀ ਜੜੀ ਬੂਟੀਆਂ ਅਤੇ ਬੂਟਿਆਂ ਦੀ ਕਾਸ਼ਤਕਾਰੀ ਸਮੇਤ ਦੁੱਧ ਉਦਯੋਗ, ਮੁਰਗੀ ਪਾਲਣ ਉਦਯੋਗ, ਮੱਛੀ ਪਾਲਣ ਉਦਯੋਗ , ਪਸ਼ੂ ਧਨ (ਡੰਗਰਾਂ) ਦੀ ਨਸਲਕਸ਼ੀ।

ਹ ਫਸਲਾਂ, ਘਾਹ ਜਾਂ ਬਾਗਾਂ ਦੀ ਫਸਲ ਉਗਾਉਣੀ ਅਤੇ

ਕ ਪਸ਼ੂ ਚੁਗਾਉਣ ਲਈ ਵਰਤੋਂ ਵਿੱਚ ਲਿਆਂਦੀ ਗਈ ਜ਼ਮੀਨ।

ਖ **ਬੀ.ਪੀ. ਐਲ. ਪਰਿਵਾਰ**: ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਦੀ ਸ਼ਨਾਖਤ ਪੰਜਾਬ ਸਰਕਾਰ ਦੁਆਰਾ ਅਪਣਾਏ ਗਏ ਯੋਜਨਾਬੰਦੀ ਕਮਿਸ਼ਨ ਦੀ ਪਰਿਭਾਸ਼ਾ ਦੀ ਵਰਤੋਂ ਕਰਕੇ ਅਤੇ ਪ੍ਰਭਾਵ ਸੀਮਾਂ ਆਮਦਨ ਪੱਧਰਾਂ ਨੂੰ ਉਨ੍ਹਾਂ ਵਿਚ ਨਿਰਧਾਰਿਤ ਪੱਧਰਾਂ ਤੋਂ 20% ਉਚੇਰਾ ਰੱਖ ਕੇ ਕੀਤੀ ਜਾਵੇਗੀ ਸਪਸ਼ਟਤਾ ਲਈ ਇਸ ਪ੍ਰਾਜੈਕਟ ਵਾਸਤੇ ਬੀ.ਪੀ.ਐਲ. ਆਮਦਨ ਸੀਮਾਂ 24,000 ਰੁਪਏ ( ਅਰਥਾਤ 2005-06 ਲਈ ਬੀ.ਪੀ. ਐਲ. ਵਜੋਂ 20,000 ਰੁਪਏ+ ਉਸਦਾ 20%) ਹੋਵੇਗੀ।

ਗ **ਪ੍ਰਭਾਵ ਦਾ ਲਾਘਾ(ਕੋਰੀਡੋਰ ਔਫ ਇਮਪੈਕਟ)**:- ਸੜਕ-ਬੰਨ, ਸੜਕ ਦੇ ਨਾਲ ਦੀਆਂ ਸਹੂਲਤਾਂ ਅਤੇ ਖਾਸੀਅਤਾਂ ਜਿਵੇਂ ਕਿ ਸੇਵਾ-ਸੜਕਾਂ , ਜਲ ਨਿਕਾਸ, ਪੈਦਲ ਚੱਲਣ ਦੇ ਰਸਤੇ, ਵਰਤੋਂ ਨਲਕਿਆਂ ਅਤੇ ਪਾਇਪਾਂ , ਵਾੜਾਂ, ਸਬਜ਼-ਪੱਟੀਆਂ, ਸੁਰੱਖਿਅਤ ਖੇਤਰਾਂ , ਕੰਮ ਕਰਨ ਵਾਲੀਆਂ ਥਾਵਾਂ ਸਮੇਤ ਸੜਕਾਂ ਦੇ ਨਿਰਮਾਣ ਸੁਧਾਰ ਲਈ ਲੋੜੀਂਦੀ ਜ਼ਮੀਨ ਦੀ ਘੱਟ ਤੋਂ ਘੱਟ ਚੌੜਾਈ ਲਈ ਹਵਾਲਾ ਦਿੱਤਾ ਜਾਂਦਾ ਹੈ।

ਘ **ਆਖਰੀ ਤਰੀਕ**:- ਉਸ ਤਾਰੀਖ ਲਈ ਹਵਾਲਾ ਦਿੱਤਾ ਜਾਂਦਾ ਹੈ ਜਿਸ ਤੋਂ ਪਹਿਲਾਂ ਪ੍ਰਭਾਵਿਤ ਖੇਤਰ ਦੇ ਅੰਦਰ-ਅੰਦਰ ਪ੍ਰਭਾਵਿਤ ਪਰਿਵਾਰ / ਵਿਅਕਤੀ ਅਚੱਲ ਜਾਂ ਚੱਲ ਜਾਇਦਾਦ ਦਾ ਕਾਬਜ਼ ਸੀ ਜਾਂ ਨਿਰਵਾਹ ਦੇ ਵਸੀਲੇ ਉੱਤੇ ਕਾਬਜ਼ ਸੀ। ਹੱਕ-ਮਾਲਕੀ ਨਾ ਰੱਖਣ ਵਾਲੇ ਵਿਅਕਤੀਆਂ ਲਈ ਆਖਰੀ ਮਿਤੀ ਉਹ ਤਾਰੀਖ ਹੈ ਜਿਸ ਮਿਤੀ ਨੂੰ ਪ੍ਰਭਾਵਿਤ ਖੇਤਰ ਦੀ ਜਨਗਣਨਾ ਸ਼ੁਰੂ ਹੁੰਦੀ ਹੈਂ ਜਾਂ ਉਹ ਤਾਰੀਖ ਜਿਸ ਮਿਤੀ ਨੂੰ ਭੋਂ-ਪ੍ਰਾਪਤੀ ਐਕਟ 1894 ਦੀ ਧਾਰਾ 4 ਅਧੀਨ ਨੋਟੀਫਿਕੇਸ਼ਨ ਜਾਰੀ ਕੀਤਾ ਜਾਂਦਾ ਹੈ, ਇਨ੍ਹਾਂ ਵਿਚੋਂ ਜੋ ਵੀ ਤਾਰੀਖ ਪਹਿਲਾਂ ਹੋਵੇ ਭੋਂ-ਪ੍ਰਾਪਤੀ ਦੇ ਮੰਤਵ ਲਈ ਆਖਰੀ ਮਿਤੀ ਉਹ ਤਾਰੀਖ ਹੈ ਜਿਸ ਮਿਤੀ ਨੂੰ ਹੱਕ-ਮਾਲਕੀ ਰੱਖਣ ਵਾਲੇ ਵਿਅਕਤੀ ਨੂੰ ਭੋਂ-ਪਾਪਤੀ ਐਕਟ 1894 ਦੀ ਧਾਰਾ 4 ਅਧੀਨ ਨੋਟੀਫਿਕੇਸ਼ਨ ਜਾਰੀ ਕੀਤਾ ਜਾਂਦਾ ਹੈ।

ਙ **ਵਿਸਥਾਪਤ ਪਰਿਵਾਰ** (**ਡੀ.ਐਫ**.):-ਕੋਈ ਵੀ ਹੱਕ ਮਾਲਕੀ ਰੱਖਣ ਵਾਲਾ ਵਿਅਕਤੀ, ਮੁਜਾਰਾ, ਸਰਕਾਰੀ ਪੱਟੇਦਾਰੀ ਜਾਂ ਹੱਕ ਮਾਲਕੀ ਨਾ ਰੱਖਣ ਵਾਲਾ ਵਿਅਕਤੀ ਜਿਸ ਨੂੰ ਕਿ ਇਸ ਪ੍ਰਾਜੈਕਟ ਦੇ ਕਾਰਨ ਆਬਾਦੀ ਵਿਚਲੇ ਪਲਾਟ ਸਮੇਤ ਅਜਿਹੇ ਪਲਾਟ ਜਾਂ ਹੋਰ ਕਿਸੇ ਜਾਇਦਾਦ ਤੋਂ ਵਿਸਥਾਪਿਤ ਕੀਤਾ ਗਿਆ ਹੈ।

ਚ **ਹੱਕਦਾਰ ਵਿਅਕਤੀ** (**ਈ.ਪੀ.**):- ਉਹ ਵਿਕਅਤੀ ਹੈ ਜੋ ਕਿ ਇਸ ਪ੍ਰਾਜੈਕਟ ਦੁਆਰਾ ਪ੍ਰਤੀਕੂਲ ਤੌਰ ਤੇ ਅਤੇ ਇਸ ਤਰ੍ਹਾਂ ਪ੍ਰਾਜੈਕਟ ਹੱਕਦਾਰੀ ਢਾਂਚੇ ਦੇ ਮੁਤਾਬਿਕ ਕਿਸੇ ਕਿਸਮ ਦੀ ਸਹਾਇਤਾ ਲਈ ਹੱਕਦਾਰ ਹੁੰਦਾ ਹੈ।

ਛ **ਪਰਿਵਾਰ**:- ਇਕ ਪਰਿਵਾਰ, ਵਿਚ ਇਕ ਵਿਅਕਤੀ ਉਸ ਦੀ ਪਤਨੀ ਜਾਂ ਉਸ ਦਾ ਪਤੀ , ਅਣਵਿਆਹੇ ਪੁੱਤਰ, ਅਣਵਿਆਹੀਆਂ ਧੀਆਂ ਨਾਬਾਲਗ ਭਰਾ, ਅਣਵਿਆਹੀਆਂ ਭੈਣਾਂ , ਪਿਤਾ ,ਮਾਤਾ ਦੇ ਨਿਰਵਾਹ ਲਈ ਉਸ ਉਤੇ ਨਿਰਭਰ ਵਿਅਕਤੀ ਸ਼ਾਮਿਲ ਹੁੰਦੇ ਹਨ।

ਜ **ਭੋਂ ਮਾਲਕ**:- ਉਹ ਵਿਅਕਤੀ ਜੋ ਕਿ ਸਰਕਾਰ ਦੀ ਕਿਸੇ ਵੀ ਸਕੀਮ ਅਧੀਨ ਕਿਸੇ ਵੀ ਜ਼ਮੀਨ ਦਾ ਅਲਾਟੀ ਜਾਂ ਗਾਰੰਟੀਕਾਰ ਹੈ। ਜਿਸ ਦੇ ਅਧੀਨ ਅਜਿਹੀ ਅਲਾਟਮੈਂਟ ਗਰਾਂਟ ਮਲਕੀਅਤ ਵਿੱਚ ਪ੍ਰੌੜ ਹੋ ਜਾਣ ਲਈ ਹੈ ਜਾਂ ਜਿਸ ਦੇ ਜ਼ਮੀਨ ਵਿੱਚ ਪੱਕੇ ਹੱਕ ਅਤੇ ਹਿੱਤ ਹਨ।

ਝ **ਸੀਮਾਂਤੀ ਕਿਸਾਨ**:- ਉਹ ਕਾਸ਼ਤਕਾਰ ਲਈ ਇਹ ਹਵਾਲਾ ਦਿੱਤਾ ਜਾਂਦਾ ਹੈ ਜਿਸ ਕੋਲ ਇਕ ਹੈਕਟੇਅਰ ਤੋਂ ਜਿਆਦਾ ਦੀ ਅਣਸਿੰਜਿਤ ਜ਼ਮੀਨ ਨਾ ਹੋਵੇ ਜਾਂ ਅੱਧੇ ਹੈਕਟੇਅਰ ਤੋਂ ਜਿਆਦਾ ਦੀ ਸਿੰਚਿਤ ਜ਼ਮੀਨ ਨਾ ਹੋਵੇ।

ਞ **ਹੱਕ ਮਾਲਕੀ ਨਾ ਰੱਖਣ ਵਾਲਾ ਵਿਅਕਤੀ**:- ਇਸ ਪ੍ਰਾਜੈਕਟ ਦਾ ਪ੍ਰਤੀਕੂਲ ਤੌਰ ਤੇ ਪ੍ਰਭਾਵਿਤ ਜਮੀਨ, ਢਾਂਚਿਆਂ ਅਤੇ ਹੋਰ ਜਾਇਦਾਦਾ ਲਈ ਕੋਈ ਵੀ ਕਾਨੂਨੀ ਹੱਕ ਨਾ ਰੱਖਣ ਵਾਲੇ ਪ੍ਰਭਾਵਿਤ ਵਿਅਕਤੀ / ਪਰਿਵਾਰ/ਹੱਕ -ਮਾਲਕੀ ਨਾ ਰੱਖਣ ਵਾਲੇ ਵਿਅਕਤੀਆਂ ਵਿੱਚ ਮੁਜਾਰੇ ਧੱਕੇ ਨਾਲ ਕਾਬਜ ਵਿਅਕਤੀ ਨਜਾਇਜ ਕਬਜੇ ਦਾ ਖੋਖਾ/ਆਪਰੇਟਰਜ ਆਦਿ ਸ਼ਾਮਿਲ ਹੁੰਦੇ ਹਨ।

ਟ **ਪ੍ਰਾਜੈਕਟ**:-ਪੰਜਾਬ ਰਾਜ ਸੜਕ ਖੇਤਰ ਪ੍ਰਜੈਕਟ ਲਈ ਹਵਾਲਾ ਦਿੱਤਾ ਜਾਂਦਾ ਹੈ।

ਠ **ਪਾ੍ਰਜੈਕਟ ਪ੍ਰਭਾਵਿਤ ਪਰਿਵਾਰ / ਵਿਅਕਤੀ** (**ਪੀ.ਏ. ਐਫ/ਪੀ.ਏ.ਪੀ.**):-ਪੀ.ਏ. ਐਫ/ਪੀ.ਏ.ਪੀ. ਦਾ ਭਾਵ ਉਸ ਪਰਿਵਾਰ /ਵਿਅਕਤੀ ਤੋਂ ਹੈ ਜਿਸ ਦਾ ਰਿਹਾਇਸ਼ ਸਥਾਨ ਜਾਂ ਹੋਰ ਜਾਇਦਾਦ ਜਾਂ ਉਪਜੀਵਿਕਾ ਦੇ ਵਸੀਲੇ ਇਸ ਪ੍ਰਾਜੈਕਟ ਦੇ ਸੰਭਵ ਅੜਿਕਿਆਂ ਤੋ ਆਰ.ਓ. ਡਬਲਿਊ. ਕਲੀਅਰ ਕਰਕੇ ਜਾਂ ਭੌਂ ਦੀ ਪ੍ਰਾਪਤੀ ਦੇ ਅਮਲ ਦੁਆਰਾ ਚੋਖੇ ਰੂਪ ਵਿਚ ਪ੍ਰਭਾਵਿਤ ਹੁੰਦੇ ਹਨ ਜਾਂ ਜੋ ਆਖਰੀ ਮਿਤੀ ਤੋਂ ਪੂਰਵਲੇ ਸਮੇਂ ਦੌਰਾਨ ਪ੍ਰਭਾਵਿਤ ਵਿੱਚ ਰਹਿ ਰਿਹਾ ਹੈ ਜਾਂ ਕਿਸੇ ਕਿੱਤੇ, ਪੇਸ਼ੇ ਜਾਂ ਧੰਦੇ ਨੂੰ ਕਰ ਰਿਹਾ ਹੈ । ਪੀ.ਏ. ਪੀ. ਜਾਂ ਹੱਕ -ਮਾਲਕੀ ਰੱਖਣ ਵਾਲਾ ਅਤੇ ਨਾ ਹੱਕ -ਮਾਲਕੀ ਨਾ ਰੱਖਣ ਵਾਲਾ ਹੁੰਦਾ ਹੈ।

ਡ **ਬਾਕੀ ਰਹਿੰਦਾ ਪਲਾਟ**:-ਪ੍ਰਾਜੈਕਟ ਪ੍ਰਭਾਵਿਤ ਪਰਿਵਾਰ ਕੋਲ ਬਚੇ ਜ਼ਮੀਨ ਦੇ ਪਲਾਟਾਂ ਦੇ ਹਿੱਸੇ (ਹਿੱਸਿਆਂ) ਲਈ ਕਿਹਾ ਜਾਂਦਾ ਹੈ, ਜਿਨ੍ਹਾਂ ਨੂੰ ਇਸ ਪ੍ਰਾਜੈਕਟ ਲਈ ਪ੍ਰਾਪਤ ਨਹੀਂ ਕੀਤਾ ਗਿਆ ਅਤੇ ਜਿਨ੍ਹਾਂ ਦਾ ਖੇਤਰਫਲ ਉਦਯੋਗਿਕ ਪਲਾਟ ਲਈ 1,●●● ਵਰਗਮੀਟਰ,ਜ਼ਰਾਇਤੀ ਪਲਾਟ ਲਈ ਇਕ ਏਕੜ, ਨਿਵਾਸ ਸਥਾਨ ਲਈ 35 ਵਰਗਮੀਟਰ ਅਤੇ ਵਪਾਰਕ ਪਲਾਟ ਲਈ 15 ਵਰਗ-ਮੀਟਰ ਤੋਂ ਘੱਟ ਹੈ।

ਢ **ਛੋਟਾ ਕਿਸਾਨ** :- ਉਸ ਕਾਸ਼ਤਕਾਰ ਲਈ ਕਿਹਾ ਜਾਂਦਾ ਹੈ, ਜਿਸ ਕੋਲ 2 ਹੈਕਟੇਅਰ ਤੱਕ ਪ੍ਰੰਤੂ ਇੱਕ ਹੈਕਟੇਅਰ ਤੋਂਵੱਧ ਅਣਸਿੰਚਿਤ ਜ਼ਮੀਨ ਹੈ ਜਾਂ ਇੱਕ ਹੈਕਟੇਅਰ ਤੱਕ ਪ੍ਰੰਤੂ ਅੱਧੇ ਹੈਕਟੇਅਰ ਜ਼ਿਆਦਾ ਸਿੰਜਤ ਜ਼ਮੀਨ ਹੈ।

ਣ **ਮੁਜ਼ਾਰਾ**:- ਉਸ ਹੱਕ-ਮਾਲਕੀ ਨਾ ਰੱਖਣ ਵਾਲੇ ਵਿਅਕਤੀ ਨੂੰ ਦਰਸਾਉਂਦਾ ਹੈ, ਜੋ ਕਿ ਕਿਸੇ ਹੋਰ ਵਿਅਕਤੀ ਦੀ ਜਮੀਨ ਰੱਖਦਾ ਹੈਵਿਸ਼ੇਸ਼ ਠੇਕੇ ਲਈ ਹੀ ਉਸ ਜ਼ਮੀਨ ਨੂੰ ਕਿਸੇ ਹੋਰ ਵਿਅਕਤੀ ਨੂੰ ਕਿਰਾਇਆ ਅਦਾ ਕਰਨ ਲਈ ਦੇਣਦਾਰ ਹੋਵੇਗਾ ਅਤੇ ਇਸ ਵਿੱਚ ਅਜਿਹੇ ਵਿਅਕਤੀ ਦੇ ਹਿੱਤ ਵਿੱਚ ਪੂਰਵ- ਅਧਿਕਾਰੀ ਅਤੇ ਉੱਤਰਾਧਿਕਾਰੀ ਸ਼ਾਮਿਲ ਹੁੰਦਾ ਹੈ ਪ੍ਰੰਤੂ ਇਸ ਵਿੱਚ ਕਿਸੇ ਭੌਂ ਮਾਲਕ ਜਾਂ ਕਿਸੇ ਉਸ ਵਿਅਕਤੀ ਦੇ ਹੱਕਾਂ ਦਾ ਰਹਿਣ ਕਰਨਾ ਸ਼ਾਮਲ ਨਹੀਂ ਹੁੰਦਾ, ਜਿਸ ਨੂੰ ਉਸ ਸਪੰਤੀ ਦਾ ਇੰਤਕਾਲ ਕੀਤਾ ਗਿਆ ਹੈ ਜਾਂ ਕੋਈ ਸੰਪਤੀ ਜਾਂ ਜ਼ਮੀਨ , ਭੋਂ-ਮਾਲੀਏ ਦੇ ਬਕਾਏ ਜਾਂ ਇਸ ਤਰ੍ਹਾਂ ਵਸੂਲੀਯੋਗ ਰਕਮ ਦੀ ਵਸੂਲੀ ਵਾਸਤੇ (ਪੰਜਾਬ ਭੋਂ-ਮਾਲੀਆ ਐਕਟ,1967 ਅਧੀਨ) ਕਿਰਾਏ ਤੇ ਦਿਤੀ ਗਈ ਹੈ ਜਾਂ ਅਜਿਹੇ ਵਿਅਕਤੀ ਨੂੰ ,ਜੋ ਕਿ ਸਰਕਾਰ ਪਾਸੋਂ ਇਸ ਨੂੰ ਅੱਗੇ ਕਿਰਾਏ ਤੇ ਦੇਣ ਦੇ ਮੰਤਵ ਨਾਲ ਗੈਰ ਕਬਜ਼ੇ ਵਾਲੀ ਜ਼ਮੀਨ ਦਾ ਪੱਟਾ ਲੈਂਦਾ ਹੈ।

ਤ **ਹੱਕ-ਮਾਲਕੀ ਧਾਰਕ**:-ਅਜਿਹਾ ਪੀ.ਏ.ਪੀ. ਜਿਸ ਕੋਲ ਪ੍ਰਭਾਵਿਤ ਖੇਤਰ ਵਿਚ ਭੋਂ, ਢਾਂਚਿਆਂ ਅਤੇ ਹੋਰ ਜਾਇਦਾਦਾਂ ਸੰਬੰਧੀ ਕਾਨੂੰਨੀ ਹੱਕ-ਮਾਲਕੀ ਹੈ।

ਥ **ਪ੍ਰਭਾਵਿਤ ਹੋਣ ਯੋਗ ਗਰੁੱਪ**:-ਇਨ੍ਹਾਂ ਵਿਚ ਉਹ ਪ੍ਰਭਾਵਿਤ ਵਿਅਕਤੀ ਸ਼ਾਮਲ ਹੁੰਦੇ ਹਨ ਜੋ ਕਿ ਅਨੁਸੂਚਿਤ ਜਾਤੀਆਂ ਦੇ ਪਰਿਵਾਰ,ਛੋਟੇ ਅਤੇ ਸੀਮਾਂਤੀ ਕਿਸਾਨ, ਮਹਿਲਾ ਦੀ ਅਗਵਾਈ ਵਾਲੇ ਪਰਿਵਾਰ, ਅਪੰਗ ਅਤੇ ਅੰਗਹੀਣ ਵਿਅਕਤੀ, ਯਤੀਮ ਵਿਅਕਤੀ, ਮੁਥਾਜ ਵਿਅਕਤੀ ਅਤੇ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰ ਹਨ। ਪ੍ਰਭਾਵਿਤ ਹੋਣਯੋਗ ਗਰੁੱਪਾਂ ਵਿੱਚ ਉਹ ਕਿਸਾਨ ਵੀ ਸ਼ਾਮਲ ਹੁੰਦੇ ਹਨ ਜੋ ਕਿ ( ਭੋਂ ਦੀ ਪ੍ਰਾਪਤੀ ਉਪਰੰਤ) ਛੋਟੇ /ਸੀਮਾਂਤੀ ਕਿਸਾਨ ਬਣ ਜਾਂਦੇ ਹਨ । ਅਜਿਹੇ ਮਾਮਲਿਆਂ ਲਈ ਉਨ੍ਹਾਂ ਦੇ ਰਾਜ ਵਿੱਚ ਭੋਂ ਮਾਲਕਾਂ ਦੀ ਕੁਲ ਜ਼ਮੀਨ ਬਾਰੇ ਵਿਚਾਰ ਕੀਤਾ ਜਾਵੇਗਾ।

ਦ **ਉਜਰਤ, ਕਮਾਉ ਵਿਅਕਤੀ**:-ਉਜ਼ਰਤ ਕਮਾਉ ਵਿਅਕਤੀ ਉਹ ਵਿਅਕਤੀ ਹੁੰਦੇ ਹਨ ਜਿਨ੍ਹਾਂ ਦਾ ਨਿਰਵਾਹ ਨਿਯੋਜਨ ਦੇ ਵਿਸਥਾਪਨ ਕਾਰਨ ਪ੍ਰਭਾਵਤ ਹੁੰਦਾ ਹੈ।

ਧ **ਬਦਲੀ ਸਬੰਧੀ ਖਰਚਾ**:-ਬਦਲੀ ਸਬੰਧੀ ਖਰਚਾ ਪ੍ਰਾਪਤ ਕੀਤੀ ਭੋਂ ਹੋਰ ਸਹੂਲਤਾਂ, ਇਮਾਰਤਾਂ ਆਦਿ ਦੇ ਇਵਜ਼ ਵਿੱਚ ਪ੍ਰਭਾਵਿਤ ਵਿਅਕਤੀ ਦੁਆਰਾ ਕਿਧਰੇ ਹੋਰ ਤੁਲਨਾਤਮਕ ਜਾਇਦਾਦਾਂ ਖਰੀਦਣ ਦੀ ਲਾਗਤ ਹੁੰਦੀ ਹੈ । ਪ੍ਰਾਪਤ ਕੀਤੀ ਭੋਂ ਅਤੇ ਹੋਰ ਸਹੂਲਤਾਂ, ਇਮਾਰਤਾਂ ਅਦਿ ਲਈ ਦਿੱਤਾ ਗਿਆ ਇਵਜ਼ਾਨਾ ਪ੍ਰਭਾਵਿਤ ਵਿਅਕਤੀ ਦੁਆਰਾ ਕਿਧਰੇ ਹੋਰ ਮੁਕਾਬਲਤਨ ਜਾਇਦਾਦਾਂ ਦੀ ਖਰੀਦ ਦੇ ਸਮਰੱਥ ਬਣਾਉਣ ਲਈ ਕਾਫੀ ਹੋਣਾ ਚਾਹੀਦਾ ਹੈ। ਜਿਥੇ ਕਿਧਰੇ ਵੀ ਇਵਜ਼ਾਨਾ ਬਦਲੀ ਵਾਲੀਆਂ ਜ਼ਮੀਨਾਂ / ਇਮਾਰਤਾਂ ਨੂੰ ਖਰੀਦਣ ਲਈ ਕਾਫੀ ਮੁਨਾਸਿਬ ਨਹੀਂ ਹੁੰਦਾ ਉਥੋਂ ਹੀ ਪ੍ਰਾਜੈਕਟ ਅਥਾਰਿਟੀ ਨੂੰ ਇਸ ਕਿਲਤ ਉੱਤੇ ਕਾਬੂ ਪਾਉਣ ਲਈ ਹੋਰ ਸਹਾਇਤਾ ਮੁਹੱਈਆ ਕਰਵਾਉਣੀ ਚਾਹੀਦੀ ਹੈ।

## 8 ਮੁੜ-ਵਸੇਬਾ ਅਤੇ ਮੁੜ -ਸਥਾਪਨ ਅਸੂਲ

ਮੁੜ ਵਸੇਬਾ ਅਤੇ ਮੁੜ ਸਥਾਪਨ ਨੀਤੀ ਇਸ ਅਸੂਲ ਉਤੇ ਅਧਾਰਿਤ ਹੈ ਕਿ ਪ੍ਰਭਾਵਿਤ ਵਿਅਕਤੀ ਉਕਤ ਪ੍ਰਾਜੈਕਟ ਦੇ ਕਾਰਣ ਉਤਨੇ ਮਾੜੇ ਹਾਲਾਤ ਵਾਲੇ ਨਹੀਂ ਹੋ ਜਾਂਦੇ ਜਿਤਨੇ ਕਿ ਉਹ ਪਹਿਲਾਂ ਸਨ। ਆਰ.ਐਂਡ ਆਰ. ਨੀਤੀ ਨੂੰ ਤਿਆਰ ਕਰਨ ਲਈ ਇਹ ਪਹੁੰਚ ਲੋਕਾਂ ਲਈ ਇਸ ਪ੍ਰਾਜੈਕਟ ਦੀ ਵਧੇਰੇ ਸਵੀਕਾਰਤਾ ਨੂੰ ਯਕੀਨੀ ਬਣਾਓਂਦੀ ਹੈ ਅਤੇ ਇਸ ਤੋਂ ਇਸ ਦੀ ਕਾਰਗਰ ਤਾਮੀਲ ਲਈ ਸਹਾਇਤਾ ਕਰਨ ਦੀ ਆਸ ਬੱਝਦੀ ਹੈ।

9 ਆਮ –ਅਸੂਲ

ੳ ਪ੍ਰਾਜੈਕਟ ਪ੍ਰਭਾਵਤ ਵਿਅਕਤੀਆਂ /ਪਰਿਵਾਰਾਂ ਨੂੰ (1) ਹੱਕ- ਮਾਲਕੀ ਧਾਰਾਵਾਂ ਅਤੇ (2) ਗੈਰ ਹੱਕ- ਮਾਲਕੀ ਧਾਰਾਵਾਂ ਵੱਜੋਂ ਸ੍ਰੇਣੀ ਬੱਧ ਕੀਤਾ ਜਾਵੇਗਾ। ਉਪਰੋਕਤ ਸ਼੍ਰੇਣੀਆਂ ਵਿਚੋਂ ਹਰੇਕ ਸ਼੍ਰੇਣੀ ਵਾਲੇ ਪ੍ਰਭਾਵਿਤ ਹੋਣ ਯੋਗ ਵਰਗ ਵਧੀਕ ਸਹਾਇਤਾ ਪ੍ਰਾਪਤ ਕਰਨਗੇ।

ਅ ਇਸ ਪ੍ਰਾਜੈਕਟ ਦੁਆਰਾ ਪ੍ਰਭਾਵਤ ਵਿਅਕਤੀਆਂ ਉਤੇ ਨਕਾਰਾਤਮਕ ਪ੍ਰਭਾਵ ਟਾਲਿਆ ਜਾਵੇਗਾ ਜਾਂ ਘੱਟ ਤੋਂ ਘੱਟ ਕੀਤਾ ਜਾਵੇਗਾ।

ੲ ਜਿਥੇ ਇਹ ਨਾਕਾਰਤਮਕ ਪ੍ਰਭਾਵ ਨਾ-ਟਾਲਣਯੋਗ ਹੁੰਦੇ ਹਨ ਉਥੇ ਪ੍ਰਾਜੈਕਟ ਪ੍ਰਭਾਵਿਤ ਵਿਅਕਤੀਆਂ ਦੀ ਉਨ੍ਹਾਂ ਦੇ ਜਿਊਣ –ਮਿਆਰ ਮੁੜ ਪ੍ਰਾਪਤ ਕਰਨ ਵਿਚ ਮਦਦ ਕੀਤੀ ਜਾਵੇਗੀ ਅਤੇ ਪ੍ਰਭਾਵਤ ਹੋਣਯੋਗ ਗਰੁੱਪਾਂ ਦੀ ਸ਼ਨਾਖਤ ਕੀਤੀ ਜਾਵੇਗੀ ਅਤੇ ਉਨ੍ਹਾਂ ਦੇ ਜੀਵਨ ਮਿਆਰ ਵਿਚ ਸੁਧਾਰ ਲਿਅਉਣ ਲਈ ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇਗੀ।

ਸ ਮੁੜ ਵਸੇਬੇ ਦੀ ਤਿਆਰੀ ਅਤੇ ਅਮਲਕਾਰੀ ਨਾਲ ਸਬੰਧਿਤ ਸਾਰੀ ਜਾਣਕਾਰੀ ਸਮੂਹ ਸਬੰਧਿਤ ਵਿਅਕਤੀਆਂ ਨੂੰ ਦਿੱਤੀ ਜਾਵੇਗੀ ਅਤੇ ਲੋਕਾਂ ਦੀ ਸਮੂਲੀਅਤ ਨੂੰ ਇਸ ਪ੍ਰਾਜੈਕਟ ਦੀ ਯੋਜਨਾਂਬੰਦੀ ਅਤੇ ਤਾਮੀਲਕਾਰੀ ਵਿੱਚ ਯਕੀਨੀ ਬਣਾਈ ਜਾਵੇਗੀ।

ਹ ਪੀ.ਏ ਪੀਜ਼. ਬਦਲੀ ਵਾਲੀ ਲਾਗਤ ਉੱਤੇ ਗਵਾਈਆਂ ਜਾਇਦਾਦਾ ਲਈ ਹਰਜਾਨਾ ਪ੍ਰਾਪਤ ਕਰਨਗੇ ਅਤੇ ਇਹ ਹਰਜਾਨਾ ਸੰਪਤੀਆਂ ਦਾ ਕਬਜ਼ਾ ਲੈਣ ਤੋਂ ਪਹਿਲਾਂ ਉਪਲੱਬਧ ਕੀਤਾ ਜਾਵੇਗਾ।

ਕ ਪ੍ਰਾਜੈਕਟ ਪ੍ਰਭਾਵਿਤ ਲੋਕਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਦੇ ਵਿਆਪਕ ਹੱਕ ਦਾਰੀ ਢਾਂਚੇ ਦਾ ਜਾਇਜ਼ਾ ਲਿਆ ਜਾ ਚੁੱਕਾ ਹੈ ਅਤੇ ਇਸ ਨੂੰ ਹੱਕਦਾਰੀ ਸੋਮੇ ਵਿਚ ਦਰਸ਼ਾਇਆ ਗਿਆ ਹੈ। ਪੀ.ਏ. ਐਫਜ਼ ਦੇ ਆਖਰੀ ਮਿਤੀ ਦੇ ਤੋਰ ਤੇ ਸਰਵੇਖਣ ਕੀਤਾ ਜਾਵੇਗਾ। ਗਿਣਤੀ ਕੀਤੀ ਜਾਵੇਗੀ। ਉਨ੍ਹਾਂ ਲਈ ਬਜਟ ਵਿੱਚ ਉਪਬੰਧ ਰਖਿਆ ਜਾਵੇਗਾ ਜੋ ਗਿਣਤੀ ਕਰਨ ਸਮੇਂ ਹਾਜਰ ਨਹੀਂ ਸਨ। ਐ ਪਰ ਆਖਰੀ ਮਿਤੀ ਤੋਂ ਬਾਅਦ ਪ੍ਰਜੈਕਟ ਖੇਤਰ ਵਿਚ ਜਾਣ ਵਾਲਾ ਕੋਈ ਵੀ ਵਿਅਕਤੀ ਸਹਾਇਤਾ ਲਈ ਹੱਕਦਾਰ ਨਹੀਂ ਹੋਵੇਗਾ।

ਖ ਵਿਵਾਦਾਂ ਦੇ ਤੇਜੀ ਨਾਲ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਉਚਿਤ ਸ਼ਿਕਾਇਤ ਨਿਵਾਰਨ ਕਾਰਜ ਪ੍ਰਣਾਲੀ ਕਾਇਮ ਕੀਤੀ ਜਾਵੇਗੀ।

ਗ ਪੀ.ਏ.ਪੀਜ਼. ਨਾਲ ਕੀਤੇ ਸਾਰੇ ਸਲਾਹ ਮਸ਼ਵਰਿਆ ਨੂੰ ਦਸਤਾਵੇਜ਼ੀ ਰੂਪ ਦਿੱਤਾ ਜਾਵੇਗਾ। ਮੁੜ ਵਸੇਵੇ ਅਤੇ ਮੁੜ-ਸਥਾਪਨ ਕਰਨਾਂ ਨੂੰ ਲਾਗੂ ਕਰਨ ਦੌਰਾਨ ਸਲਾਹ ਮਸ਼ਵਰੇ ਜਾਰੀ ਰਹਿਣਗੇ।

1● ਪ੍ਰਤੀਕੂਲ ਪ੍ਰਭਾਵਾਂ ਨੂੰ ਘੱਟ ਤੋਂ ਘੱਟ ਕਰਨਾ

ੳ ਪ੍ਰਾਜੈਕਟ ਵਾਲੀਆਂ ਸੜਕਾਂ ਨੂੰ ਮੁੜ ਵਿਛਾਉਣ ਅਤੇ ਉਨ੍ਹਾਂ ਨੂੰ ਬਿਹਤਰ ਬਣਾਉਣ, ਦੋਹਾਂ ਨਿਰਮਾਣ ਕਾਰਜਾਂ ਲਈ ਸੀ.ਓ.ਆਈ. ਪਹੁੰਚ ਅਪਣਾਈ ਜਾਵੇਗੀ। ਇਸ ਦਾ ਮਤਲਬ ਹੈ ਕਿ ਸੀ.ਓ.ਆਈ. ਤੋਂ ਬਾਹਰ ਆਉਂਦੇ ਢਾਚਿਆਂ/ਸੰਪਤੀਆਂ ਨੂੰ ਬਿਨਾਂ ਛੇੜੇ/ਪ੍ਰਭਾਵ ਰਹਿਤ ਰੱਖਿਆ ਜਾ ਸਕਦਾ ਹੈ। ਇਸ ਨਾਲ ਘੱਟ ਤੋਂ ਘੱਟ ਹੋ ਜਾਵੇਗਾ, ਖਾਸ ਤੋਰ ਤੇ ਮੌਜੂਦਾ ਆਰ.ਓ.ਡਬਲਯੂ ਦੇ ਅੰਦਰ-ਅੰਦਰ ਸੜਕਾਂ ਬਿਹੱਤਰ

ਬਣਾਉਣ ਦੀ ਸੂਰਤ ਵਿਚ ਇਸ ਪ੍ਰਾਜੈਕਟ ਦੇ ਸਮੁੱਚੇ ਸਮਾਂ-ਪੁੱਗਣ ਦੇ ਸਮੇਂ ਦੌਰਾਨ, ਜੇਕਰ ਲੋੜ ਹੋਵੇ, ਸੀ.ਓ.ਆਈ ਤੋਂ ਬਾਹਰਲੇ ਅਤੇ ਸੋਧੇ ਹੋਏ ਆਰ.ਓ.ਡਬਲਯੂ ਦੇ ਅੰਦਰਲੇ ਸਾਰੇ ਸਮਾਜਿਕ ਪ੍ਰਭਾਵ ਇਸ ਨੀਤੀ ਦੇ ਮੁਤਾਬਿਕ ਘੱਟ ਕਰ ਲਏ ਜਾਣਗੇ।

ਅ ਪ੍ਰਤੀਕੂਲ ਪ੍ਰਭਾਵ ਅਤੇ ਵਿਸਥਾਪਨ ਨੂੰ ਘੱਟ ਤੋਂ ਘੱਟ ਕਰਨ ਲਈ ਸਾਰੇ ਸੰਭਵ ਵਿਕਲਪਾਂ ਦਾ ਪਤਾ ਲਗਾਇਆ ਜਾਣਾ ਹੈ।

ੲ ਇਹ ਨਿਮਨ-ਉਪਰਾਲੇ ਹਨ ਜੋ ਕਿ ਆਖਰੀ ਮਿਤੀ ਤੋਂ ਬਾਅਦ ਜਬਰੀ ਕਬਜ਼ਿਆਂ ਨੂੰ ਰੋਕਣ ਲਈ ਕੀਤੇ ਜਾਣਗੇ:-

- ਪ੍ਰਾਜੈਕਟ ਵਾਲੀਆਂ ਸੜਕਾਂ ਦੀ ਆਖਰੀ ਮਿਤੀ ਤਕ ਦੀ ਆਰ.ਓ.ਡਬਲਯੂ ਦੇ ਅੰਦਰ-ਅੰਦਰ ਸਾਰੇ ਪ੍ਰਭਾਵਾਂ ਦੀ ਵੀਡੀਓ ਰਿਕਾਰਡਿੰਗ:
- ਲੋਕ ਨਿਰਮਾਣ ਵਿਭਾਗ ਦਾ ਕਾਰਜਾਕਾਰੀ ਇੰਜੀਨੀਅਰ ਉਸਦੇ ਅਧਿਕਾਰ ਖੇਤਰ ਅਧੀਨ ਸੜਕ ਸਬੰਧੀ ਮੌਜੂਦਾ ਕਾਨੂੰਨ ਦੇ ਤਹਿਤ ਆਖਰੀ ਮਿਤੀ ਤੋਂ ਬਾਅਦ ਦਿੱਤੇ ਜਾਣ ਵਾਲੇ ਧਰਨਿਆ ਅਤੇ ਨਜਾਇਜ਼ ਕਬਜ਼ਿਆਂ ਨੂੰ ਖਾਲੀ ਕਰਵਾਉਣ ਲਈ ਸ਼ਨਾਖਤ ਰਿਪੋਰਟਿੰਗ ਕਰਨ ਅਤੇ ਕਾਰਵਾਈ ਲਈ ਜੁੰਮੇਵਾਰ ਹੋਵੇਗਾ। ਉਹ ਇਸ ਬਾਰੇ ਮਾਸਿਕ ਆਧਾਰ ਉਤੇ ਨਿਰੀਖਣ ਕਰੇਗਾ ਅਤੇ ਨਿਗਰਾਨ ਇੰਜੀਨੀਅਰ ਅਤੇ ਪੀ.ਡੀ. ਨੂੰ ਰਿਪੋਰਟ ਕਰੇਗਾ। ਇਕ ਸਾਧਾਰਨ ਨਿਰੀਖਣ ਕਰਨ ਫਾਰਮੇਟ ਅਪਣਾਇਆ ਜਾਵੇਗਾ ਜਿਸ ਵਿਚ ਮੋਟੇ ਤੌਰ ਤੇ ਨਵੇਂ ਨਜਾਇਜ਼ ਕਬਜੇ/ਧਰਨਿਆਂ ਦਾ ਸਥਾਨ ਸਨਾਖਤ ਕਰਨ ਦੀ ਤਾਰੀਖ, ਬਣਾਏ ਗਏ ਢਾਂਚੇ ਦੀ ਕਿਸਮ ਨਜਾਇਜ ਕਬਜੇਦਾਰ ਧਰਨਾਕਾਰੀ ਦਾ ਨਾਮ, ਸਥਾਨਕ ਵਿਅਕਤੀ/ਪ੍ਰਵਾਸੀ ਵਿਅਕਤੀ, ਕੀਤੀ ਗਈ ਕਾਰਵਾਈ, ਲੋੜੀਂਦੀ ਹੋਰ ਕਾਰਵਾਈ ਪਹਿਲਾਂ ਤੋਂ ਮੌਜੂਦਾ ਨਜਾਇਜ਼ ਕਬਜੇ/ ਧਰਨਿਆਂ ਦੀ ਸਥਿਤੀ ਵਿਚਲੀ ਤਬਦੀਲੀ ਸ਼ਾਮਲ ਹੋਵੇਗੀ।
- ਵਣ ਵਿਭਾਗ ਲੋਕ ਨਿਮਾਣ ਵਿਭਾਗ ਦੀ ਜਮੀਨ, ਜੋ ਕਿ 1929 ਦੇ ਭਾਰਤੀ ਵਣ ਐਕਟ ਦੀ ਧਾਰਾ 29 ਅਧੀਨ ਸੁੱਰਖਿਅਤ ਵਣ ਹੈ ਦੇ ਸਮਾਜਿਕ ਵਣ ਪਾਲਣ ਲਈ ਜਿੰਮੇਵਾਰ ਹੈ। ਸਬੰਧਿਤ ਸੜਕ ਦੇ ਟੁਕੜੇ ਦਾ ਵਣ ਰਖਿਅਕ (ਗਾਰਡ) ਵਣ ਰੋਪਣ ਅਧੀਨ ਸਰਕਾਰੀ ਜਮੀਨ ਵਿਚ ਨਜਾਇਜ਼ ਕਬਜੇ/ਧਰਨਿਆਂ ਦੇ ਪ੍ਰਚਲਤ ਕਾਨੂੰਨ ਅਧੀਨ ਸ਼ਨਾਖਤ ਕਰਨ ਰਿਪੋਰਟ ਕਰਨ ਅਤੇ ਖਾਲੀ ਕਰਾਉਣ ਸਬੰਧੀ ਕਾਰਵਾਈ ਕਰਨ ਲਈ ਜਿੰਮੇਵਾਰ ਹੋਵੇਗਾ। ਇਹ ਨਿਰੀਖਣ ਮਾਸਿਕ ਆਧਾਰ ਉਤੇ ਉਸੇ ਫਾਰਮੇਟ ਵਿਚ ਕੀਤਾ ਜਾਵੇਗਾ ਜਿਵੇ ਕਿ ਉਪਰ ਦਰਸ਼ਾਇਆ ਗਿਆ ਹੈ ਅਤੇ ਇਸ ਨੂੰ ਜਿਲ੍ਹਾ ਵਣ-ਅਧਿਕਾਰੀਆਂ ਦੁਆਰਾ ਵਣ-ਪਾਲਕ ਅਤੇ ਪੀ.ਡੀ. ਨੂੰ ਭੇਜਿਆ ਜਾਵੇਗਾ।
- ਸਬੰਧਿਤ ਲੋਕ ਨਿਰਮਾਣ ਵਿਭਾਗ ਅਤੇ ਵਣ ਵਿਭਾਗ ਪਾਸੋਂ ਨਿਰੀਖਣ ਰਿਪੋਰਟਾਂ ਪੀ.ਆਰ.ਬੀ.ਡੀ.ਬੀ ਨੂੰ ਭੇਜੀਆਂ ਜਾਣਗੀਆਂ। ਕਾਰਜਕਾਰੀ ਇੰਜੀਨੀਅਰ/ਡੀ.ਐਫ.ਓ. ਕਾਨੂੰਨ ਅਧੀਨ ਕਾਰਵਾਈ ਕਰੇਗਾ ਅਤੇ ਇਹ ਯਕੀਨੀ ਬਣਾਵੇਗਾ ਕਿ ਕਾਨੂੰਨ ਅਨੁਸਾਰ ਡੀ.ਐਮ. ਅਤੇ ਜਿਲਾ ਪੁਲਿਸ ਦੀ ਮਦੱਦ ਨਾਲ ਇਕ ਹਫਤੇ ਦੇ ਅੰਦਰ-ਅੰਦਰ ਨਜਾਇਜ਼ ਕਬਜੇ ਹਟਾਉਣ ਲਈ ਕੇਸਾ ਬਾਰੇ ਤੇਜੀ ਨਾਲ ਨਿਰਣਾ ਲਿਆ ਜਾਂਦਾ ਹੈ।

## 11 ਹੱਕਦਾਰੀਆਂ

ੳ ਹੱਕਦਾਰੀ ਲਈ ਆਖਰੀ ਮਿਤੀ (i) (ਹੱਕ-ਮਾਲਕੀ-ਧਾਰਕਾਂ ਲਈ) ਉਹ ਮਿਤੀ ਹੈ ਜਿਸ ਮਿਤੀ ਨੂੰ ਐਲ.ਏ. ਐਕਟ, ਜਿਸ ਵਿੱਚ 1984 ਵਿਚ ਤਰਮੀਮ ਕੀਤੀ ਗਈ ਦੀ ਧਾਰਾ 4 ਅਧੀਨ ਨੋਟੀਫਿਕੇਸ਼ਨ

ਜਾਰੀ ਕੀਤਾ ਜਾਂਦਾ ਹੈ। (ii) (ਗੈਰ ਹੱਕ-ਮਾਲਕੀ ਧਾਰਕਾਂ ਲਈ) ਇਹ ਮਿਤੀ ਹੈ ਜਿਸ ਮਿਤੀ ਨੂੰ ਜਨ-ਗਣਨਾ ਅਤੇ ਪੀ.ਏ.ਪੀਜ਼ ਦੇ ਸਮਾਜ-ਆਰਥਿਕ ਸਰਵੇਖਣ ਸ਼ੁਰੂ ਹੁੰਦੇ ਹਨ।

ਅ ਪੀ.ਏ.ਐਫਜ਼. ਦੀਆਂ ਵੱਖ-ਵੱਖ ਸ੍ਰੇਣੀਆਂ ਲਈ ਪਾਤਰਤਾ ਹੱਦਕਾਰੀ ਸਾਧਨ ਅਨੁਸਾਰ ਹੋਵੇਗੀ।

ੲ ਜੇਕਰ ਆਖਰੀ ਮਿਤੀ ਤੋਂ ਪਹਿਲਾਂ ਕਿਸੇ ਵਿਅਕਤੀ/ਪਰਿਵਾਰ ਨੂੰ ਖਾਲੀ ਕਰਨ ਲਈ ਕੋਈ ਨੋਟਿਸ ਦਿੱਤਾ ਗਿਆ ਹੈ ਅਤੇ ਮਾਮਲਾ ਕਾਨੂੰਨ ਦੀ ਅਦਾਲਤ ਵਿਚ ਪੈਂਡਿੰਗ ਹੈ, ਤਾਂ ਪੀ.ਏ.ਪੀਜ਼ ਦੀ ਪਾਤਰਤਾ ਅਦਾਲਤ ਦੁਆਰਾ ਨਿਰਣਾ ਕੀਤੀ ਕਾਨੂੰਨੀ ਸਥਿਤੀ ਦੇ ਮੁਤਾਬਿਕ ਵਿਚਾਰੀ ਜਾਵੇਗੀ ਅਤੇ ਪ੍ਰਭਾਵਤ ਵਿਅਕਤੀ ਇਸ ਨੀਤੀ ਦੇ ਉਪਬੰਧਾਂ ਅਨੁਸਾਰ ਮੁਆਵਜੇ/ ਸਹਾਇਤਾ ਲਈ ਪਾਤਰ ਹੋਣਗੇ।

ਸ ਅਜਿਹੇ ਪੀ.ਏ.ਪੀ ਨੂੰ, ਜਿਸ ਨੂੰ ਮਰਦਮ ਸ਼ੁਮਾਰੀ ਜਾਂ ਸਮਾਜ-ਆਰਥਕ ਸਰਵੇਖਣ ਦੌਰਾਨ ਗਿਣਤੀ ਵਿਚ ਨਹੀਂ ਲਿਆਂਦਾ ਜਾ ਸਕਿਆ ਪਰ ਉਸ ਪਾਸ ਨਿਸ਼ਚਿਤ ਮਿਤੀ ਤੋਂ ਪਹਿਲਾਂ ਆਪਣੀ ਹੋਂਦ ਦਾ ਪੁਖਤਾ ਸਬੂਤ ਹੋਵੇ ਤਾ ਸਮਰਥ ਅਧਿਕਾਰੀ ਦੁਆਰਾ ਸ਼ਿਕਵਾ -ਨਿਵਾਰਣ ਕਾਰਜਵਿਧੀ ਸਹਿਤ ਉਚਿਤ ਪੁਛ-ਪੜਤਾਲ ਉਪਰੰਤ ਪੀ.ਏ.ਪੀ. ਦੀ ਲਿਸ਼ਟ ਵਿੱਚ ਸ਼ਾਮਲ ਕਰ ਲਿਆ ਜਾਵੇਗਾ।

ਹ ਮਾਲਕੀ-ਹੱਕ-ਧਾਰਕ ਸਹਾਇਤਾ ਅਤੇ ਮੁਆਵਜ਼ਾ ਲੈਣ ਦੇ ਵੀ ਪਾਤਰ ਹੋਣਗੇ।

ਕ ਗੈਰ-ਮਾਲਕੀ-ਹੱਕ ਧਾਰਕ ਮੁਆਵਜ਼ੇ ਦੇ ਪਾਤਰ ਤਾਂ ਨਹੀਂ ਹੋਣਗੇ ਐਪਰ ਸਹਾਇਤਾ ਤੋਂ ਇਲਾਵਾ ਉਨ੍ਹਾਂ ਦੁਆਰਾ ਜਮੀਨ ਉੱਤੇ ਕੀਤੇ ਖਰਚੇ ਦਾ ਮੁਆਵਜ਼ਾ ਮਿਲੇਗਾ। ਜਿਵੇਂ ਢਾਂਚੇ ਖੂਹ ਆਦਿ ਦਾ ਖਰਚਾ।

ਖ ਨਾਜ਼ੁਕ ਗਰੁਪਾਂ ਨਾਲ ਸਬੰਧਤ ਪੀ.ਏ.ਐਫਜ਼. ਵਧੀਕ ਇਮਦਾਦ ਦੇ ਹੱਕਦਾਰ ਹੋਣਗੇ।

ਗ ਪ੍ਰਾਜੈਕਟ ਪ੍ਰਭਾਵਤ ਵਿਅਕਤੀਆਂ ਨੂੰ ਆਪਣੇ ਖਰਚੇ ਤੇ ਢਾਂਚਾ ਗਿਰਾਉਣ ਦੀ ਇਜਾਜਤ ਹੋਵੇਗੀ ਅਤੇ ਢਾਹੀ ਗਈ ਸਮਗਰੀ ਨੂੰ ਪਹਿਲੇ ਮੋਕੇ ਹੀ ਮੁਫਤ ਲਿਜਾਣ ਦੀ ਖੁਲ ਹੋਵੇਗੀ। ਇਹ ਸਭ ਕੁਝ ਉਸਨੂੰ ਢਾਂਚੇ ਲਈ ਦਿੱਤੇ ਗਏ ਮੁਆਵਜੇ ਤੋਂ ਇਲਾਵਾ ਹੋਵੇਗਾ।

## 12 ਭੋਂ ਪ੍ਰਾਪਤੀ

ੳ ਪ੍ਰਾਜੈਕਟ ਲਈ ਲੋੜੀਂਦੀ ਜਮੀਨ ਦੀ ਖਰੀਦ ਸਰਕਾਰੀ ਵਿਧੀ ਅਨੁਸਾਰ ਸਿਧੀ ਗਲ-ਬਾਤ ਰਾਹੀਂ ਕੀਤੀ ਜਾਵੇਗੀ। ਜਿਸ ਦਾ ਕਿ ਪਾਲਸੀ-ਵਿਵਸਥਾ ਵਿਚ ਜਿਕਰ ਕੀਤਾ ਗਿਆ ਹੈ। ਐਧਰ ਅਜਿਹੇ ਸਾਰੇ ਕੇਸਾਂ ਦਾ ਜਿਨ੍ਹਾਂ ਦੀ ਗਲ-ਬਾਤ ਸਿਰੇ ਨਾ ਚੜ੍ਹੀ ਅਤੇ ਗਲ-ਬਾਤ ਬੇਸਿਟਾ ਰਹਿਣ ਦੇ ਕਾਰਣਾ ਸਮੇਤ ਅਤੇ ਭਵਿਖ ਵਿਚ ਇਨ੍ਹਾਂ ਦੇ ਹਵਾਲੇ ਲਈ ਰਿਕਾਰਡ ਰਖਿਆ ਜਾਵੇਗਾ।

ਅ ਭੋਂ ਪ੍ਰਾਪਤੀ ਐਕਟ 1894 ਦੀ ਧਾਰਾ 17 ਵਿਚਲਾ ਸੰਕਟਕਾਲੀ ਖੰਡ, ਇਸ ਪ੍ਰਾਜੈਕਟ ਲਈ ਖਰੀਦ ਕੀਤੀ ਗਈ ਜ਼ਮੀਨ ਬਾਰੇ ਲਾਗੂ ਨਹੀਂ ਹੋਵੇਗਾ।

ੲ ਜ਼ਮੀਨ ਮਾਲਕਾਂ ਨਾਲ ਗੱਲਬਾਤ ਕਰਨ ਲਈ 45 ਦਿਨਾਂ ਦੀ ਮਿਆਦ ਹੋਵੇਗੀ।

ਸ ਰਜਿਸਟਰ ਸ਼ੁਦਾ ਕੀਮਤ ਜਾਂ ਅਸ਼ਟਾਮ ਡਿਊਟੀ/ਸਰਕਲ ਰੇਟ (ਜੋ ਵੀ ਵੱਧ ਹੋਵੇ) 1.5 ਗੁਣਾ ਵੱਧ ਕੀਮਤ ਦੀ ਪੇਸ਼ਕਸ਼ ਕਰਦੇ ਹੋਏ ਗਲਬਾਤ ਅਰੰਭ ਕੀਤੀ ਜਾਵੇ ਤਾਂ ਜੋ ਜਮੀਨ-ਮਾਲਕਾਂ ਨੂੰ ਇਹ ਤਜਵੀਜ਼ ਮਾਲੀ ਪਖੋਂ -ਲੁਭਾਇਮਾਨ ਲੱਗੇ । ਜੇ ਗਲ-ਬਾਤ ਕਰਨ ਸਮੇਂ ਰਜਿਸਟਰ ਸ਼ੁਦਾ ਕੀਮਤ/ਅਸਟਾਮ ਡਿਉਟੀ/ਸਰਕਲ ਰੇਟ ਇਕ ਸਾਲ ਤੋਂ ਵਧ ਸਮੇਂ ਦਾ ਪੁਰਾਣਾ ਹੋਵੇ ਤਾਂ ਉਸ ਨੂੰ ਤਤਕਾਲੀ ਸਮੇਂ ਦੇ ਬਰਾਬਰ ਲਿਆਉਣ ਲਈ 10% ਵਿਆਜ ਦੇ ਹਿਸਾਬ ਨਾਲ ਵੱਧ ਕੀਮਤ ਜੋੜ ਦਿੱਤੀ ਜਾਵੇ। ਅਜਿਹੇ ਪੀ.ਏ.ਐਫਜ਼. 30% ਹਰਜਾਨਾ ਲੈਣ ਦੇ ਹਕਦਾਰ ਹੋਣਗੇ ਜ਼ਮੀਨ ਵੇਚਣ ਵਾਲੇ ਪੀ.ਏ.ਐਫਜ ਵਧੀਕ ਮਾਲੀ ਇਮਦਾਦ ਦੇ ਹਕਦਾਰ ਹੋਣਗੇ ਜੋ ਕਿ ਵੇਚੀ ਗਈ ਜਮੀਨ ਦੀ ਰਜਿਸਟਰੀ ਦੀ ਲਾਗਤ ਅਤੇ ਜਮੀਨ ਖਰੀਦਣ ਅਤੇ ਕਾਗਜਾਤ ਤਿਆਰ ਕਰਨ ਤੇ ਆਏ ਖਰਚੇ ਦੇ ਬਰਾਬਰ ਹੋਵੇਗੀ। ਵਰਤਮਾਨ

ਲਾਗਤ 9% ਹੈ (ਅਸ਼ਟਾਮ ਡਿਊਟੀ 6% + ਵਿਕਾਸ ਖਰਚਾ 3%, ਮਿਉਂਸਪਲ ਹਦੂਦ ਵਿਚ 5 ਕਿ.ਮੀ. ਤਕ) ਜਮਾਂ 1% ਰਜਿਸਟਰੀ ਖਰਚਾ ਨਰ-ਵਿਅਕਤੀਆਂ ਲਈ ਅਤੇ 8% (ਅਸ਼ਟਾਮ ਡਿਊਟੀ 5% + ਵਿਕਾਸ ਖਰਚਾ 3%, ਮਿਉਂਸਪਲ ਹਦੂਦ ਅੰਦਰ 5 ਕਿ.ਮੀ. ਦੇ ਫਾਸਲੇ ਤਕ) ਜਮਾਂ 1% ਰਜਿਸਟਰੀ ਖਰਚਾ ਮਾਦਾ ਵਿਅਕਤੀਆਂ ਲਈ।

ਹ ਜਮੀਨ-ਮਾਲਕਾਂ ਨਾਲ ਗਲ-ਬਾਤ ਦੇ ਵੱਧ ਤੋਂ ਵੱਧ 4 ਰਾਉਂਡ ਲਏ ਜਾਣਗੇ। ਆਮ ਤੋਰ ਤੇ ਇਹ ਤਿੰਨ ਤੋਂ ਵੱਧ ਨਾ ਹੋਣ।

ਕ ਗਲ-ਬਾਤ ਦੇ ਹਰ ਰਾਉਂਡ ਤੋਂ ਬਾਅਦ ਰਿਕਾਰਡ ਸੂਚਨਾ ਮੁੱਖ ਦਫਤਰ ਨੂੰ ਭੇਜੀ ਜਾਵੇ।

ਖ ਪਾਰਦਰਸ਼ਤਾ ਕਾਇਮ ਰਖਣ ਲਈ ਕੀਤੀ ਜਾਣ ਵਾਲੀ ਗਲ-ਬਾਤ ਗਰੁਪਾਂ ਨੂੰ ਸ਼ਾਮਲ ਕਰਦੇ ਹੋਏ ਪਿੰਡ-ਵਾਰ ਕੀਤੀ ਜਾਵੇ।

ਗ ਜਮੀਨ ਖਰੀਦਣ ਲਈ ਗਲ-ਬਾਤ ਨੇਪਰੇ ਚੜ੍ਹ ਜਾਣ ਉਪਰੰਤ ਨਿਸਚਿਤ ਸਮੁਚੀ ਰਕਮ ਇਸ ਤੋਂ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਯਕਮੁਸ਼ਤ ਅਦਾ ਕਰ ਦਿੱਤੀ ਜਾਵੇਗੀ। ਮੁਆਵਜੇ ਦੀ ਅਦਾਇਗੀ ਵਿਚ ਤਿੰਨ ਮਹਨਿਆਂ ਤੋਂ ਵੱਧ ਹੋਈ ਦੇਰੀ ਦੀ ਸੂਰਤ ਵਿਚ 9% ਦੇ ਹਿਸਾਬ ਨਾਲ ਵਿਆਜ ਦਿੱਤਾ ਜਾਵੇਗਾ।

ਘ ਹਕਦਾਰ ਵਿਅਕਤੀ ਨੂੰ ਬਾਕੀ ਬਚੱਦੀ ਜਮੀਨ ਪ੍ਰਾਜੈਕਟ ਅਥਾਰਟੀ ਨੂੰ ਸੋਪਣ ਦੀ ਅਤੇ ਪਾਲਸੀ ਦੇ ਉਪਬੰਦਾਂ ਮੁਤਾਬਕ ਮੁਆਵਜਾ ਲੈਣ ਦੀ ਖੁਲ ਹੋਵੇਗੀ।

ਙ ਸਮੁਚੀ ਪੈਮਾਇਸ਼ ਪਿੰਡ ਦੇ ਤਾਜਾ ਮਾਲੀਆ-ਨਕਸ਼ੇ ਤੇ ਆਧਾਰਤ ਹੋਵੇਗੀ।

## 13. ਮੁਆਵਜਾ ਅਤੇ ਇਮਦਾਦ

ੳ ਜੇ ਜਮੀਨ ਦੀ ਖਰੀਦ ਗਲਬਾਤ ਰਾਹੀਂ ਕੀਤੀ ਗਈ ਹੈ ਤਾਂ ਨਿਸ਼ਚਿਤ ਕੀਤੀ ਰਕਮ ਪ੍ਰਤਿਸਥਾਪਨ ਕੀਮਤ ਹੋਵੇਗੀ।

ਅ ਜੇ ਜਮੀਨ ਦੀ ਖਰੀਦ ਤੋਂ ਪ੍ਰਾਪਤੀ ਐਕਟ 1894 ਦੇ ਹੋਰਨਾਂ ਉਪਬੰਧਾਂ ਤਹਿਤ ਕੀਤੀ ਜਾਵੇ ਤਾਂ ਜਮੀਨ ਦੀ ਪ੍ਰਤਿਸਥਾਪਨਾ ਕੀਮਤ ਡੀ.ਐਲ.ਪੀ.ਐਫ.ਸੀ ਦੀਆਂ ਸਿਫਾਰਸ਼ਾਂ ਤੇ ਅਧਾਰਤ ਮੰਡਲ ਕਮਿਸ਼ਨਰ ਦੁਆਰਾ ਨਿਸ਼ਚਿਤ ਕੀਤੇ ਦਰ ਮੁਤਾਬਕ ਹੋਵੇਗੀ ਪਰ ਸ਼ਰਤ ਇਹ ਹੈ ਕਿ ਇਹ ਦਰ ਡੀ.ਐਲ.ਪੀ.ਐਫ.ਸੀ. ਦੀ ਸਿਫਾਰਸ਼ ਕੀਤੀ ਕੀਮਤ ਜਾਂ ਗਲਬਾਤ ਰਾਹੀਂ ਨਿਸ਼ਚਿਤ ਕੀਤੀ ਘਟ ਤੋਂ ਘਟ ਕੀਮਤ ਤੋਂ ਥਲੇ ਨਾ ਹੋਵੇ।

ੲ ਖਰੀਦੇ ਗਏ ਢਾਂਚੇ ਦੀ ਪ੍ਰਤਿਸਥਾਪਨ ਕੀਮਤ ਪੰਜਾਬ ਦੇ ਕਾਮਨ ਸ਼ਡੂਲ ਰੇਟ (ਸੀ.ਐਸ. ਆਰ.) ਮੁਤਾਬਕ ਹੋਵੇਗੀ ਜਿਸ ਵਿਚ ਅਵਮੁਲੱਣ ਸ਼ਾਮਲ ਨਹੀਂ ਹੋਵੇਗਾ। ਜੇ ਢਾਂਚੇ ਦਾ ਕੁਝ ਹਿਸਾ ਹੀ ਖਰੀਦਿਆ ਗਿਆ ਹੈ ਤਾਂ ਪ੍ਰਤਿਸਥਾਪਨ ਕੀਮਤ ਦਾ ਅਨੁਮਾਨ ਲਾਉਣ ਲਗਿਆ ਬਾਕੀ ਰਹਿੰਦੇ ਢਾਂਚੇ ਦੀ ਤਗਣ ਯੋਗਤਾ ਅਤੇ ਸੁਰਖਿਆਤਾ ਨੂੰ ਧਿਆਨ ਵਿਚ ਰਖਿਆ ਜਾਵੇ।

ਸ ਮਾਲਕੀ ਹਕ ਧਾਰਕ ਇਮਦਾਦ ਅਤੇ ਮੁਆਵਜ਼ਾ ਦੋਵੇ ਲੈਣ ਦੇ ਪਾਤਰ ਹੋਣਗੇ।

ਹ ਗੈਰਹਾਜਰ ਜਾਇਦਾਦ ਦੇ ਮਾਲਕ (ਮਾਲਕੀ ਹਕ ਧਾਰਕ) ਸਿਰਫ ਮੁਆਵਜ਼ਾ ਲੈਣ ਦੇ ਪਾਤਰ ਹੋਣਗੇ।

ਕ ਗੈਰ ਮਾਲਕੀ ਹਕ ਧਾਰਕ ਮੁੜ ਵਸੇਵਾਂ ਇਮਦਾਦ ਲੈਣ ਦੇ ਅਤੇ ਢਾਂਚੇ, ਖੂਹ ਆਦਿ ਜਿਹੇ ਮਾਲ-ਅਸਬਾਬ ਦੇ ਹੋਏ ਨੁਕਸਾਨ ਦਾ ਹਰਜਾਨਾ ਲੈਣ ਦੇ ਪਾਤਰ ਹੋਣਗੇ।

ਖ ਨਾਜ਼ਕ ਗਰੁਪਾਂ ਨੂੰ ਆਪਣੀ ਉਦਰ ਪੂਰਤੀ ਦੀ ਬਹਾਲੀ ਲਈ ਵਧੀਕ ਮਦੱਦ ਦਿੱਤੀ ਜਾਵੇਗੀ।

ਗ ਖੜੀਆਂ ਫਸਲਾਂ ਦੀ ਕਟਾਈ ਲਈ ਘਟ ਤੋਂ ਘੱਟ 4 ਮਹੀਨਿਆਂ ਦੀ ਮਿਆਦ ਜਾਂ ਸਧਾਰਣ ਕਟਾਈ ਮਿਆਦ ਦਾ ਨੋਟਿਸ ਦਿੱਤਾ ਜਾਵੇਗਾ ਨਹੀਂ ਤਾਂ ਖੜੀਆਂ ਫਸਲਾਂ ਦੀ ਹਾਣੀ-ਪੂਰਤੀ ਕੀਤੀ ਜਾਵੇਗੀ।

ਘ ਆਪਣੀ ਉਪਜੀਵਕਾ ਦੇ ਸਾਧਨ ਗਵਾ ਚੁਕੇ ਪੀ.ਏ.ਐਫਜ ਆਪਣੇ ਹੁਨਰ ਨੂੰ ਉੱਨਤ ਕਰਨ ਲਈ ਸਿਖਲਾਈ ਲੈਣ ਦੇ ਪਾਤਰ ਹੋਣਗੇ। (ਇਕ ਪਰਿਵਾਰ ਵਿਚੋਂ ਇਕ ਵਿਅਕਤੀ)

ਙ ਰਿਹਾਇਸ਼ ਜਾਂ ਵਪਾਰਕ ਜਾਂ ਦੋਵੇ ਚੀਜਾਂ ਗਵਾ ਚੁਕੇ ਪੀ.ਏ.ਐਫਜੇ. ਸ਼ਿਫਟਿੰਗ ਭੱਤਾ ਲੈਣ ਦੇ ਪਾਤਰ ਹੋਣਗੇ।

ਚ ਪੀ.ਏ.ਐਫਜ ਅਸਥਾਈ ਭੱਤਾ ਲੇਣ ਦੇ ਪਾਤਰ ਹੋਣਗੇ।

ਛ ਪ੍ਰਾਪਤ ਕੀਤੀ/ਖਰੀਦੀ ਗਈ ਜਮੀਨ ਅਤੇ ਜਾਇਦਾਦ ਦਾ ਮੁਆਵਜ਼ਾ ਅਤੇ ਮਾਲੀ ਇਮਦਾਦ, ਇਨ੍ਹਾਂ ਦਾ ਕਬਜ਼ਾ ਲੈਣ ਉਪਰੰਤ ਦਿੱਤੀ ਜਾਵੇਗੀ।

ਜ ਪੀ.ਏ.ਐਫਜ ਨੂੰ ਮਾਲੀ ਇਮਦਾਦ ਅਤੇ/ਜਾਂ ਮੁਆਵਜਾ ਦੇ ਣ ਤੋਂ ਬਾਅਦ ਹੀ ਸਿਵਲ ਕਾਰਜ ਅਰੰਭੇ ਜਾਣਗੇ।

## 14 ਸਲਾਹ-ਮਸ਼ਵਰੇ

ਪ੍ਰਾਜੈਕਟ ਦੇ ਨਿਸਚਿਤ ਕਾਰਜ-ਕ੍ਰਮ ਦੋਰਾਨ ਪ੍ਰਭਾਵਤ ਵਿਅਤੀਆਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ ਅਤੇ ਮੁੜ ਵਸੇਵਾਂ ਦੇ ਪ੍ਰੋਗਰਾਮਾਂ ਦੀ ਯੋਜਨਾਬੰਦੀ ਕਰਨ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਿਚ ਉਨ੍ਹਾਂ ਵਿਅਕਤੀਆਂ ਨੂੰ ਸ਼ਾਮਲ ਕਰਨ ਦੇ ਅਵਸਰ ਦਿੱਤੇ ਜਾਣਗੇ। ਪ੍ਰਭਾਵਤ ਵਿਅਕਤੀਆਂ ਨਾਲ ਘਟ ਤੋਂ ਘਟ ਦੋ ਵਾਰ ਸਲਾਹ-ਮਸ਼ਵਰਾ ਕੀਤਾ ਜਾਵੇਗਾ। ਪਹਿਲੀ ਵਾਰ ਯੋਜਨਾਬੰਦੀ ਕਰਨ ਵੇਲੇ ਅਤੇ ਫਿਰ ਇਨ੍ਹਾਂ ਨੂੰ ਆਤਮ ਰੂਪ ਦੇਣ ਉਪਰੰਤ ਇਸ ਯੋਜਨਾ ਵਿਚਲੇ ਤੱਥ ਦਰਸ਼ਾਏ ਜਾਣਗੇ। ਇਸ ਤੋਂ ਇਲਾਵਾ ਮੁੜਵਸੇਵਾ ਕਾਰਜ ਯੋਜਨਾ ਦੇ ਚਾਲੂ ਹੋਣ ਦੋਰਾਨ ਸਲਾਹ-ਮਸ਼ਵਰਿਆਂ ਦਾ ਸਿਲਸਿਲਾ ਚਲਦਾ ਰਹੇਗਾ। ਸਲਾਹ ਮਸਵਰਿਆਂ ਦੇ ਢੰਗਾਂ ਵਿਚ ਪ੍ਰਭਾਵਤ ਵਿਅਕਤੀਆਂ, ਨਰ ਤੇ ਮਾਦਾ ਵਿਅਕਤੀਆਂ ਨਾਲ ਗਰੁਪ-ਸਲਾਹ ਮਸ਼ਵਰਾ ਅਤੇ ਪੀ.ਏ.ਐਫਜ. ਨਾਲ ਵਿਅਕਤੀਗਤ ਸਲਾਹ ਮਸ਼ਵਰਾ, ਭਾਈਚਾਰੇ ਦੇ ਲੀਡਰਾਂ ਨਾਲ, ਪੰਚਾਇਤ/ਸਥਾਨਕ ਸੰਸਥਾਵਾਂ ਦੇ ਚੁਣੇ ਗਏ ਨੁਮਾਇੰਦਿਆਂ ਨਾਲ ਸਲਾਹ ਮਸ਼ਵਰਾ ਅਤੇ ਹੋਰ ਅਜਿਹਾ ਹਿੱਤ ਰਖਣ ਵਾਲੇ ਵਿਅਕਤੀਆਂ ਨਾਲ ਸਲਾਹ-ਮਸ਼ਵਰਾ ਕਰਨਾ ਸ਼ਾਮਲ ਹੋਵੇਗਾ ਜਿਹਨਾਂ ਨੂੰ ਅਜਿਹੇ ਸਲਾਹ ਮਸ਼ਵਰੇ ਦੇ ਯੋਗ ਸਮਝਿਆ ਜਾਵੇਗਾ। ਇਸ ਦਾ ਵੇਰਵਾ ਪ੍ਰੈਸ ਰਾਂਹੀਂ ਅਤੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਵੀ ਕਵਰ ਕੀਤਾ ਜਾਵੇਗਾ।

## 15 ਪੁਨਰ ਸਥਾਪਨ ਅਤੇ ਮੁੜ-ਵਸੇਬਾ

ੳ ਮੁੜ ਸਥਾਪਨਾ ਦੀ ਚੋਣ (ਪੁਨਰ ਸਥਾਪਨਾ ਜਾਂ ਸਹਾਇਤਾ ਪ੍ਰਾਪਤ ਪੁਨਰਸਥਾਪਨ) ਸ਼ਰਨਾਰਥੀ ਪਰਿਵਾਰ ਦੇ ਪ੍ਰਾਜੈਕਟ ਨਾਲ ਸਬੰਧਤ ਹੋਵੇਗੀ।

ਅ ਜੇ ਲਗਾਤਾਰ ਘੱਟ ਤੋਂ ਘੱਟ 2● ਪ੍ਰਾਜੈਕਟ ਸਰਨਾਰਥੀ ਪਰਵਾਰ ਲਗਾਤਾਰ 5 ਕਿ.ਮੀ. ਦੇ ਫਾਸਲੇ ਤਕ ਸਹਾਇਤਾ ਪ੍ਰਾਪਤ ਪੁਨਰ ਸਥਾਪਨ ਦੀ ਇਛਾ ਕਰਨਗੇ ਤਾਂ ਪੁਨਰਸਥਾਪਨ ਥਾਂ ਨੂੰ ਪ੍ਰਾਜੈਕਟ ਦ ਇਕ ਹਿਸੇ ਦੇ ਤੋਰ ਤੇ ਵਿਕਸਤ ਕੀਤਾ ਜਾਵੇਗਾ। ਥਾਵਾਂ ਦੇ ਪੁਨਰ ਸਥਾਪਨ ਵਿਚ ਪੀਣ ਵਾਲਾ ਪਾਣੀ, ਗੰਦੇ ਪਾਣੀ ਦੀਆਂ ਨਾਲੀਆਂ ਅਤੇ ਨਿਕਾਸ ਨਾਲੀਆਂ, ਅੰਦਰੂਨੀ ਅਤੇ ਲਿੰਕ ਸੜਕਾਂ, ਸਿਹਤ ਅਤੇ ਸਿੱਖਿਆ ਸਹੂਲਤਾਂ ਬਿਜਲੀ ਆਦਿ ਸਹੂਲਤਾਂ ਸ਼ਾਮਲ ਹੋਣਗੀਆਂ, ਪੁਨਰਸਥਾਪਨ ਥਾਵਾਂ ਲਈ ਜਮੀਨ ਦੀ ਖਰੀਦ ਇਸ ਪਾਲਸੀ ਮੁਤਾਬਕ ਕੀਤੀ ਜਾਵੇਗੀ। ਪੁਨਰਸਥਾਪਤ ਥਾਂਵਾਂ ਦੇ ਵਿਕਾਸ ਲਈ ਬਜਟ ਸਮੁਚੇ ਪ੍ਰਾਜੈਕਟ ਦੇ ਖਰਚੇ ਵਿਚ ਸ਼ਾਮਲ ਕੀਤਾ ਜਾਵੇਗਾ। ਮੁੜ ਸਥਾਪਨ ਥਾਂ ਦੇ ਪੂਰਨ ਵਿਕਾਸ ਉਪਰੰਤ ਇਸ ਨੂੰ ਸਾਧਾਰਨ ਸਾਂਭ-ਸੰਭਾਲ ਲਈ ਨਗਰ ਸੁਧਾਰ ਅਥਾਰਟੀ ਦੇ ਹਵਾਲੇ ਕਰ ਦਿੱਤਾ ਜਾਵੇਗਾ।

ੲ ਜੇ ਘਟੋ-ਘਟ 2● ਸਰਨਾਰਥੀ ਪਰਵਾਰ ਸਹਾਇਤਾ ਪ੍ਰਾਪਤ ਪੁਨਰਸਥਾਪਨ ਲਈ ਬੇਨਤੀ ਕਰਨ ਤਾਂ ਉਹ ਵੱਧ ਤੋਂ ਵੱਧ 25● ਵਰਗ ਮੀਟਰ ਦੇ ਅਕਾਰ ਦਾ ਪਲਾਟ ਲੈਣ ਦੇ ਪਾਤਰ ਹੋਣਗੇ। ਨਾਜ਼ਕ ਸਰਨਾਰਥੀ ਪਰਵਾਰ, ਖਰੀਦ ਕਰਨ ਵਾਲੀ ਸੰਸਥਾ ਦੁਆਰਾ ਕੀਤੇ ਫੈਸਲੇ ਮੁਤਾਬਕ ਜਮੀਨ ਦਾ ਪਲਾਟ ਜਮੀਨ ਦੀ ਕੀਮਤ ਦੇ ਇਕ ਚੌਥਾਈ ਕੀਮਤ ਤੋਂ ਲੈ ਸਕਣਗੇ। ਗੈਰ ਨਾਜ਼ਕ ਸਰਨਾਰਥੀ ਪਰਵਾਰਾਂ ਨੂੰ, ਜਿਵੇਂ ਕਿ ਪ੍ਰਾਜੈਕਟ ਅਥਾਰਟੀ ਦੁਆਰਾ ਫੈਸਲਾ ਕੀਤਾ ਗਿਆ ਹੈ, ਜ਼ਮੀਨ ਦੇ ਪਲਾਟ ਦੀ ਕੀਮਤ ਦਾ 75% ਮੁਲ ਤਾਰਨਾ ਪਵੇਗਾ ਪਰ ਸ਼ਰਤ ਇਹ ਹੈ ਕਿ ਇਹ ਰਕਮ ਵੱਧ ਤੋਂ ਵੱਧ ਪ੍ਰਭਾਵਤ ਵਿਅਕਤੀਆਂ ਦੁਆਰਾ ਢਾਂਚੇ ਦੇ ਨੁਕਸਾਨ ਵਜੋਂ ਪ੍ਰਾਪਤ ਕੀਤੀ ਮੁਆਵਜੇ ਦੀ ਰਕਮ ਦੇ ਬਰਾਬਰ ਹੋਵੇ।

ਸ ਇਸੇ ਤਰ੍ਹਾਂ ਜੇ ਘਟ ਤੋਂ ਘਟ 2● ਵਪਾਰਕ ਅਦਾਰੇ (ਛੋਟੇ ਵਪਾਰਕ ਉਦਯੋਗ) ਲਗਾਤਾਰ 5 ਕਿ.ਮੀ. ਤਕ ਛਾਬੜੀ ਮਾਰਕੀਟ ਲਈ ਪੁਨਰ ਸਥਾਪਨਾ ਲਈ ਰਹਿਣ ਤਾਂ ਪ੍ਰਾਜੈਕਟ ਅਥਾਰਟੀ ਤੇ ਆਈ ਲਾਗਤ ਦੇ ਆਧਾਰ ਤੇ ਮਾਰਕਿਟ ਵਿਕਸਿਤ ਕਰੇਗਾ ਇਸ ਦੀ ਪੂਰਤੀ 2 ਸਾਲਾਂ ਵਿਚ ਮਾਸਕ ਕਿਸ਼ਤਾਂ ਵਿਚ ਅਦਾ ਕਰਨੀ ਹੋਵੇਗੀ। ਪਰ ਸ਼ਰਤ ਇਹ ਹੈ ਕਿ ਇਹ ਰਕਮ ਵੱਧ ਤੋਂ ਵੱਧ ਛੋਟੇ ਉਦਯੋਗਾਂਦੁਆਰਾ ਢਾਂਚੇ ਦੇ ਹੋਏ ਨੁਕਸਾਨ ਦੇ ਹਰਜਾਨੇ ਵਲੋਂ ਪ੍ਰਾਪਤ ਕੀਤੀ ਰਕਮ ਦੇ ਬਰਾਬਰ ਹੋਵੇ।

ਹ ਸਵੈ ਪੁਨਰ ਸਥਾਪਨਾ ਦੇ ਕੇਸ ਵਿਚ ਛੋਟੇ ਉਦਯੋਗ ਢਾਂਚਾ ਬਣਾਉਣ ਲਈ ਪ੍ਰਤਿਸਥਾਪਨ ਕੀਮਤ ਦਾ 25% ਜਾਂ 3●,●●●/- ਰੁਪਏ ਜੋ ਵੀ ਵੱਧ ਹੋਵੇ, ਦੀ ਵਧੀਕ ਸਹਾਇਤਾ ਲੈਣ ਦੇ ਪਾਤਰ ਹੋਣਗੇ।

ਕ ਪੁਨਰਸਥਾਪਨਾ ਦੀ ਯੋਜਨਾ ਬੰਦੀ ਅਤੇ ਲਾਗੂ ਕਰਨ ਵਿਚ ਇਸਤਰੀਆਂ ਦੀ ਸਮੂਲੀਅਤ ਯਕੀਨੀ ਬਣਾਈ ਜਾਵੇਗੀ।

ਖ ਪ੍ਰਭਾਵਤ ਸਮਾਜਕ ਜਾਇਦਾਦਾ ਦੀ ਪੁਨਰ ਸਥਾਪਨਾਂ ਪ੍ਰਤਿਸਥਾਪਨਾ ਪ੍ਰਾਜੈਕਟ ਦੇ ਹਿਸੇ ਦੇ ਤੋਰ ਤੇ ਕੀਤੀ ਜਾਵੇਗੀ। ਪ੍ਰਤਿਸਥਾਪਨਾ ਜਾਂ ਪੁਨਰਸਥਾਪਨਾ ਦਾ ਬਜਟ ਉਪਬੰਧ ਪ੍ਰਾਜੈਕਟ ਦੇ ਖਰਚੇ ਵਿਚ ਸ਼ਾਮਲ ਕੀਤਾ ਜਾਵੇਗਾ।

ਗ ਪ੍ਰਾਜੈਕਟ ਦੀ ਵਧੀਕ ਲਾਗਤ ਕਾਰਣ ਟਿਊਬਵੈਲਜ਼, ਨਲਕੇ, ਬਸ-ਸੈਲਟਰਜ, ਪਬਲਿਕ ਪਖਾਨੇ ਅਤੇ ਸੜਕਾਂ ਦੇ ਦੋਨੋ ਪਾਸਿਆਂ ਤੋਂ ਵਧਾਕੇ ਸੁਰੱਖਿਆ ਕਰਨ ਦਾ ਕੰਮ ਪ੍ਰਾਜੈਕਟ ਦੇ ਖਰਚੇ ਵਿਚੋਂ ਕੀਤਾ ਜਾਵੇਗਾ।

ਘ ਆਪਣੀ ਉਪਜੀਵਕਾ ਦੇ ਸਾਧਨ ਗੰਵਾਂ ਚੁਕੇ ਪੀ.ਏ.ਐਫਜ ਨੂੰ ਆਪਣੇ ਹੁਨਰ ਨੂੰ ਉਨਤ ਕਰਨ ਲਈ ਸਿਖਲਾਈ ਲੈਣ ਦੇ ਪਾਤਰ ਹੋਣਗੇ।

ਙ ਪ੍ਰਭਾਵਤ ਪਰਵਾਰਾਂ ਨੂੰ ਉਨ੍ਹਾਂ ਦੀ ਉਪਜੀਵਕਾ ਦੀ ਬਹਾਲੀ ਵਾਸਤੇ, ਮੁੜ ਵਸੇਵਾਂ ਮਦੱਦ ਦਿੱਤੀ ਜਾਵੇਗੀ। ਪ੍ਰਭਾਵਿਤ ਵਡੇ ਆਰਥਕ ਅਦਾਰਿਆਂ ਨੂੰ ਹਰ ਇਕ ਕੇਸ ਦੇ ਆਪਣੇ ਅਧਾਰ ਤੇ, ਪਾਲਸੀ ਦੀ ਭਾਵਨਾ ਨੂੰ ਮੁੱਖ ਰਖਦੇ ਹੋਏ, ਪਾਲਸੀ ਦੀ ਉਪਬੰਦਾਂ ਮੁਤਾਬਕ ਮਦਦ ਦਿੱਤੀ ਜਾਵੇਗੀ।

## 16 ਰੋਜ਼ਗਾਰ ਅਵਸਰ

ਪ੍ਰਾਜੈਕਟ ਦੀ ਉਸਾਰੀ ਪੜਾਅ ਦੇ ਦੋਰਾਨ ਪੈਦਾ ਕੀਤੀਆਂ ਅਸਿਖਿਅਤ ਨੋਕਰੀਆਂ ਲਈ ਸਥਾਨਕ ਲੋਕਾਂ ਨੂੰ ਆਮ ਤੋਰ ਤੇ ਅਤੇ ਪੀ.ਏ.ਐਫਜ ਨੂੰ ਖਾਸ ਤੌਰ ਤੇ ਤਰਜੀਹ ਦਿੱਤੀ ਜਾਵੇਗੀ।

## 17 ਬਜਟ ਉਪਬੰਧ

ਪੁਨਰਸਥਾਪਨ ਕਾਰਜ ਯੋਜਨਾ ਵਿਚ ਮਦਵਾਰ ਬਜਟ ਅਤੇ ਲਾਗੂ ਕਰਨ ਦਾ ਵੇਰਵਾ ਸ਼ਾਮਲ ਕੀਤਾ ਜਾਵੇਗਾ। ਇਨ੍ਹਾਂ ਮੰਤਵਾਂ ਲਈ ਪ੍ਰਾਜੈਕਟ ਬਜਟ ਵਿਚ ਉਚਿਤ ਉਪਬੰਧ ਕੀਤੇ ਜਾਣਗੇ।

## 18 ਪੁਨਰ ਸਥਾਪਨ ਪਾਲਸੀ ਅਤੇ ਹੋਰਨਾ ਪ੍ਰਾਜੈਕਟ ਦਸਤਾਵੇਜ਼ ਨੂੰ ਪ੍ਰਗਟ ਕਰਨਾ

ੳ ਪੁਨਰ ਸਥਾਪਨ ਅਤੇ ਮੁੜਵਸੇਵਾਂ ਪਾਲਸੀ/ਪੁਨਰਸਥਾਪਨ ਕਾਰਜ ਪਲਾਨ ਅਤੇ ਪ੍ਰਾਜੈਕਟ ਨਾਲ ਸਬੰਧਤ ਦਸਤਾਵੇਜ/ਸੂਚਨਾ ਦਾ ਪੰਜਾਬੀ ਵਿਚ ਅਨੁਵਾਦ ਕਰਵਾਇਆ ਜਾਵੇਗਾ ਅਤੇ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤਾ ਜਾਵੇਗਾ। ਪਾਰਦਰਸ਼ਤਾ ਯਕੀਨੀ ਬਣਾਉਣ ਲਈ ਲਾਭ ਦੇ ਪਾਤਰ ਲੋਕਾਂ ਦੀ ਅਤੇ ਵੰਡੇ ਜਾ ਰਹੇ ਲਾਭਾਂ ਦੀ ਸੂਚੀ ਸਬੰਧਤ ਪੰਚਾਇਤ ਦਫਤਰ/ਸ਼ਹਿਰੀ ਸਥਾਨਕ ਸੰਸਥਾ ਦੇ ਦਫਤਰ ਵਿਚ ਵਖਰੇ ਤੋਰ ਤੇ ਲਗਾ ਦਿਤੀ ਜਾਵੇਗੀ।

ਅ ਇਸ ਦੀ ਇਕ ਕਾਪੀ ਵਿਧਾਨ ਸਭਾ, ਜਿਲ੍ਹਾ ਕਲੈਕਟਰ ਦਾ ਦਫਤਰ, ਬੀ.ਡੀ.ਓ., ਜਿਲ੍ਹਾ ਲੋਕ ਸੰਪਰਕ ਦਫਤਰ( ਰਾਜ ਅਤੇ ਜਿਲ੍ਹਾ ਪੱਧਰਾਂ ਤੇ) ਸ਼ਹਿਰੀ ਸਥਾਨਕ ਸੰਸਥਾ, ਪੰਚਾਇਤ ਦਫਤਰਾਂ ਆਦਿ ਦੇ ਨੋਟਿਸ ਬੋਰਡ ਤੇ ਲਾਈ ਜਾਵੇਗੀ। ਇਸ ਤੋਂ ਇਲਾਵਾ ਪੀ.ਆਰ.ਬੀ.ਡੀ.ਬੀ. ਦੇ ਮੁੱਖ ਦਫਤਰ ਵਿਚ ਇਕ ਲੋਕ ਸੂਚਨਾ ਕੇਂਦਰ ਦੀ ਸਥਾਪਨਾ ਇਸ ਪ੍ਰਾਜੈਕਟ ਦੇ ਹਿਸੇ ਦੇ ਤੋਰ ਤੇ ਕੀਤੀ ਜਾਵੇਗੀ। ਅਜਿਹੇ ਸਮੁਚੇ ਦਸਤਾਵੇਜਾਂ ਦੀ ਅੰਗਰੇਜੀ ਤੇ ਪੰਜਾਬੀ ਭਾਸ਼ਾਵਾਂ ਦੀ ਇਕ -ਇਕ ਕਾਪੀ ਅਤੇ ਇਸ ਪ੍ਰਾਜੈਕਟ ਅਧੀਨ ਲਾਭ ਪਾਤਰ ਪਰਵਾਰਾਂ ਦੀ ਸੂਚੀ ਵੀ ਪੀ.ਆਰ.ਬੀ.ਡੀ.ਬੀ. ਦੀ ਵੈਬੱਸਾਈਟ ਤੇ ਵੀ ਉਪਲਬਧ ਕਰਵਾਈ ਜਾਵੇਗੀ।

## 19 ਤਰਮੀਮ ਕਰਨ ਦੀ ਗੁੰਜਾਇਸ਼

ਪ੍ਰਾਜੈਕਟ ਅਥਾਰਟੀ ਪੰਜਾਬ ਸਰਕਾਰ ਦੀ ਅਗੇਤੀ ਪਰਵਾਨਗੀ ਨਾਲ ਇਸ ਆਰ ਐਂਡ ਆਰ ਪਾਲਿਸੀ ਵਿਚ ਜਦੋਂ ਅਤੇ ਜਿਵੇ ਵੀ ਲੋੜੀਂਦੀ ਸਮਝੇ ਤਰਮੀਮ ਕਰ ਸਕਦਾ ਹੈ। ਇਸ ਪਾਲਿਸੀ ਵਿਚ ਕੋਈ ਵੀ ਤਰਮੀਮ ਵਿਸ਼ਵ ਬੈਂਕ ਦੇ ਸਲਾਹ ਮਸਵਰੇ ਨਾਲ ਕੀਤੀ ਜਾਵੇਗੀ ਅਤੇ ਉਸ ਦਾ ਪ੍ਰਚਾਰ ਕੀਤਾ ਜਾਵੇਗਾ।

## 2● ਪੁਨਰਸਥਾਪਨਾ ਯੋਜਨਾਬੰਦੀ ਲਾਗੂ ਕਰਨਾ ਅਤੇ ਨਿਗਰਾਨੀ ਕਰਨੀ।

### ਮਰਦਮ ਸ਼ੁਮਾਰੀ ਅਤੇ ਸਮਾਜ-ਆਰਥਿਕ ਸਰਵੇਖਣ

ਪੁਨਰਸਥਾਪਨਾ ਯੋਜਨਾਬੰਦੀ, ਇਸ ਨੂੰ ਲਾਗੂ ਕਰਨਾ ਅਤੇ ਫਿਰ ਇਸ ਦੀ ਨਿਗਰਾਨੀ ਕਰਨ ਲਈ ਪੀ.ਏ.ਪੀਜ਼ ਦਾ ਆਧਾਰ ਰੇਖਾ ਸਮਾਨ-ਆਰਥਕ ਡੇਟਾਂ ਇਕੱਤਰ ਕਰਨਾ ਜਰੂਰੀ ਹੈ। ਇਸ ਮੰਤਵ ਲਈ ਵਿਸਤ੍ਰਿਤ ਪ੍ਰਾਜੈਕਟ ਰਿਪੋਟ ਸਲਾਹਕਾਰ ਦੁਆਰਾ ਇਕ ਪ੍ਰਸ਼ਨਾਵਲੀ ਵਰਤਦੇ ਹੋਏ ਮਰਦਮ ਸ਼ੁਮਾਰੀ ਅਤੇ ਸਮਾਜ-ਆਰਥਕ ਸਰਵੇਖਣ ਕੀਤੇ ਜਾਣਗੇ,ਜਿਥੋਂ ਤੱਕ ਸੰਭਵ ਹੋ ਸਕੇ ਇਹ ਸਰਵੇਖਣ ਭੋਂ ਪ੍ਰਾਪਤੀ ਐਕਟ 1894 ਦੀ ਧਾਰਾ 4 ਅਧੀਨ ਅਧਿਸੂਚਨਾ ਜਾਰੀ ਕਰਨ ਤੋਂ ਪਹਿਲਾਂ ਪਹਿਲਾਂ, ਮੁਕਮਲ ਕਰ ਲੈਣੇ ਚਾਹੀਦੇ ਹਨ ਤਾਂ ਜੋ ਡੇਟਾ ਯਕੀਨੀ ਤੋਰ ਤੇ ਮਿਆਰੀ ਅਤੇ ਪ੍ਰਮਾਣਿਕ ਬਣ ਸਕੇ। ਇਨ੍ਹਾਂ ਸਰਵੇਖਣਾ ਦੌਰਾਨ ਇਕੱਤਰ ਕੀਤੀ ਜਾਣ ਵਾਲੀ ਸੂਚਨਾ ਮੋਟੇ ਤੋਰ ਤੇ ਪਰਵਾਰ ਦੇ ਮੈਂਬਰਾਂ ਦਾ ਵੇਰਵਾ, ਧਰਮ, ਜਾਤ, ਆਮਦਨ-ਸਾਧਨ ਪਸ਼ੂ ਧਨ ਦਾ ਵੇਰਵਾ, ਕਿੱਤਾ, ਜਮੀਨ ਦਾ ਵੇਰਵਾ ਢਾਂਚਿਆਂ ਦੀ ਕਿਸਮ ਅਤੇ ਮਾਲਕੀ, ਹੋਰ ਜਾਇਦਾਦ ਅਤੇ ਲੈਣਦਾਰੀਆਂ, ਪਸ਼ੂ ਧਨ, ਆਕਾਰ ਪ੍ਰਾਜੈਕਟ ਪ੍ਰਤੀ ਲੈਣਦਾਰੀਆਂ ਦਾ ਨੁਕਸਾਨ ਆਦਿ ਇਨ੍ਹਾਂ ਸਰਵੇਖਣਾਂ ਨੂੰ ਇਹ ਯਕੀਨੀ ਕਰਨ ਲਈ ਨਿਰੂਪਣ ਕੀਤਾ ਗਿਆ ਹੈ ਕਿ ਸਿਰਫ ਹੱਕੀ ਵਿਅਕਤੀ ਹੀ ਪ੍ਰਾਜੈਕਟ ਪ੍ਰਭਾਵਤ ਵਜੋਂ ਵਰਗੀਕ੍ਰਿਤ ਹੋਵੇ। ਕਿਸੇ ਠੱਗੀ ਜਾਂ ਗਲਤ ਪੇਸ਼ਕਾਰੀ ਅਤੇ ਮੋਕੇ ਦਾ ਨਜਾਇਜ ਫਾਇਦਾ ਉਠਾਕੇ ਲਾਹਾ ਲੈਣ ਦੀ ਗੁੰਜਾਇਸ਼ ਨਾ ਰਹੇ। ਇਨ੍ਹਾਂ ਸਰਵੇਖਣਾਂ ਦੋਰਾਨ ਸਾਂਝੀ-ਜਾਇਦਾਦ-ਸਾਧਨਾਂ ਦੇ ਪ੍ਰਭਾਵ ਦੇ ਘੇਰੇ ਨੂੰ ਵੀ ਕਵਰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਮੁਆਵਜਾ, ਇਮਦਾਦ, ਪੁਨਰਸਥਾਪਨਾ ਦਾ ਇਖਤਿਆਰ, ਬਦਲਵੇਂ ਇਖਤਿਆਰ ਪ੍ਰਾਜੈਕਟ ਦੀ ਵਧੀਕ ਲਾਗਤ

ਆਦਿ ਜਿਹੇ ਮਸਲਿਆਂ ਨਾਲ ਸਬੰਧਤ ਪੀ.ਏ.ਪੀਜ਼. ਦੀਆਂ ਲੋੜਾਂ ਅਤੇ ਇਨ੍ਹਾਂ ਬਾਰੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਸਮਝਣ ਲਈ ਵਿਅਕਤੀਗਤ ਅਤੇ ਗਰੁਪ ਸਲਾਹ ਮਸ਼ਵਰੇ ਕੀਤੇ ਜਾਣਗੇ।

21 ਆਰੰਭਕ ਸਰਵੇਖਣਾਂ ਰਾਹੀਂ ਇਕਤਰ ਕੀਤੇ ਗਏ ਡੇਟਾ ਦੇ ਆਧਾਰ ਤੇ ਪ੍ਰਾਜੈਕਟ ਪ੍ਰਭਾਵਤ ਪਰਵਾਰਾਂ ਦੀ ਮਾਲਕੀ ਹਕ ਧਾਰਕ ਅਤੇ ਗੈਰ ਮਾਲਕੀ ਹੱਕ ਧਾਰਕ ਵਜੋ ਉਚਿਤ ਸ਼ਨਾਖਤ ਕਰ ਲਈ ਜਾਵੇਗੀ। ਪੀ.ਏ.ਪੀ ਦੀ ਸਮਾਜ-ਆਰਥਕ ਹਾਲਤਾਂ, ਇਸਦੀ ਕਿਸਮ ਅਤੇ ਇਸ ਦੇ ਪ੍ਰਭਾਵ ਦੇ ਘੇਰੇ ਦਾ ਹਿਸਾਬ ਲਾ ਲਿਆ ਜਾਵੇਗਾ ਤਾਂ ਜੋ, ਪੁਨਰਸਥਾਪਨ ਯੋਜਨਾ ਤਿਆਰ ਕੀਤੀ ਜਾ ਸਕੇ। ਆਰ.ਏ.ਪੀ. ਵਿਚ ਮੋਟੇ ਤੋਰ ਤੇ ਪ੍ਰਾਜੈਕਟ ਵੇਰਵਾ, ਅਪਣਾਏ ਢੰਗ, ਵਿਪੱਖੀ ਅਸਰ ਨੂੰ ਘਟਾਉਣਾ, ਅਸਰ-ਨਿਰਧਾਰਣ, ਇਲਾਕੇ ਦਾ ਸਮਾਜ-ਆਰਥਕ ਰੇਖਾ ਚਿਤਰ, ਆਰ.ਆਰ. ਪਾਲਸੀ ਉਪਬੰਧ ਕਾਨੂੰਨੀ ਵਿਵਸਥਾ, ਪ੍ਰਾਜੈਕਟ ਦੇ ਵੱਖ-ਵੱਖ ਮੰਤਵਾਂ ਲਈ ਲੋੜੀਂਦੀ ਜਮੀਨ ਲਾਗੂ ਕਰਨ ਦੋਰਾਨ ਸਲਾਹ-ਮਸ਼ਵਰੇ, ਸੰਸਥਾਮਈ ਪ੍ਰਬੰਧ ਲਾਗੂ ਕਰਨ ਦੀ ਕਾਰਜ ਸੂਚੀ, ਆਰ.ਏ.ਪੀ. ਲਈ ਅਨੁਮਾਨਤ ਬਜਟ ਮਾਨੀਟਰਿੰਗ ਅਤੇ ਮੁਲਾਕਨ ਪ੍ਰਬੰਧ ਅਤੇ ਪ੍ਰਗਟ ਕਰਨ ਆਦਿ ਸ਼ਾਮਲ ਹੋਣਗੇ।

22 ਪ੍ਰਾਜੈਕਟ ਨੂੰ ਤੇਜੀ ਅਤੇ ਨਿਰਵਿਘਨ ਸਹਿਤ ਨੇਪਰੇ ਚਾੜਨ ਲਈ ਪੀ.ਐਸ.ਆਰ.ਐਸ.ਪੀ. ਦੁਆਰਾ ਯਥਾਯੋਗ ਸੰਸਥਾਮਈ ਪ੍ਰਬੰਧ ਕੀਤੇ ਜਾਣਗੇ ਤਾਂ ਜੋ ਪੁਨਰਸਥਾਪਨਾ ਕਾਰਜ ਯੋਜਨਾ (ਆਰ.ਏ.ਪੀ) ਦਾ ਪ੍ਰਬੰਧ ਕਰਕੇ ਲਾਗੂ ਕੀਤਾ ਜਾ ਸਕੇ। ਇਸ ਪ੍ਰਾਜੈਕਟ ਨੂੰ ਲਾਗੂ ਕਰਨ ਲਈ ਸੰਯੁਕਤ ਸਕੱਤਰ-ਕਮ-ਪ੍ਰਾਜੈਕਟ ਡਾਇਰੈਕਟਰ ਸਮੁਚੇ ਪ੍ਰਬੰਧਕੀ ਅਤੇ ਵਿੱਤੀ ਫੈਸਲੇ ਲੈਣ ਦੇ ਸਮਰੱਥ ਹੈ। ਇਸ, ਪ੍ਰਾਜੈਕਟ ਦੇ ਪੁਨਰਸਥਾਪਨ ਪ੍ਰਭਾਵ ਲਈ ਅਤੇ ਭੋਂ ਖਰੀਦਣ ਲਈ ਉਸਨੂੰ ਸਮੁਚੇ ਪ੍ਰਬੰਧਕੀ ਅਤੇ ਵਿੱਤੀ ਇਖਤਿਆਰਾਂ ਦੀ ਸੋਪਣਾਂ ਕਰ ਦਿੱਤੀ ਜਾਵੇਗੀ। ਆਰ.ਏ.ਪੀ ਨੂੰ ਲਾਗੂ ਕਰਨ ਲਈ ਨਿਮਨ ਲਿਖਤ ਸੰਸਥਾਮਈ ਪ੍ਰਬੰਧ ਕੀਤੇ ਜਾਣਗੇ।

### 23 ਠੇਕਾ ਪ੍ਰਬੰਧ ਯੂਨਿਟਾਂ ਦੀ ਸਥਾਪਨਾ ( ਸੀ.ਐਮ.ਯੂ)

ਇਨ੍ਹਾਂ ਸਿਵਲ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਰਾਜ ਅੰਦਰ ਉਚਿਤ ਗਿਣਤੀ ਠੇਕਾ-ਪ੍ਰਬੰਧ-ਯੂਨਿਟਾਂ ਦੀ ਸਥਾਪਨਾਂ ਕੀਤੀ ਜਾਵੇਗੀ। ਕਾਰਜਕਾਰੀ ਇੰਜੀਨੀਅਰ ਦੇ ਰੁਤਬੇ ਦਾ ਇਕ ਅਫਸਰ ਹਰ ਇਕ ਠੇਕਾ ਪ੍ਰਬੰਧ ਯੂਨਿਟ ਦਾ ਮੁਖੀ ਹੋਵੇਗਾ, ਕੁਝ ਤਕਨੀਕੀ ਅਮਲਾ, ਇਕ ਸਹਾਇਕ ਆਰ/ਆਰ ਅਫਸਰ ਅਤੇ ਸਕੱਤਰ ਦੇ ਕੰਮ ਸਬੰਧੀ ਵਧੀਕ ਸਟਾਫ ਉਸ ਦੀ ਸਹਾਇਤਾ ਲਈ ਕੰਮ ਕਰਨਗੇ। ਭੋ ਪ੍ਰਾਪਤੀ ਅਤੇ ਆਰ/ਆਰ ਨਾਲ ਸਬੰਧਤ ਮਾਮਲਿਆਂ ਬਾਰੇ ਸਹਾਇਕ ਆਰ ਐਂਡ ਆਰ ਅਫਸਰ ਠੇਕਾ-ਪ੍ਰਬੰਧ ਯੂਨਿਟ ਦੇ ਮੁਖੀ ਦੀ ਮੱਦਦ ਕਰੇਗਾ।

### 24 ਪੀ.ਆਰ.ਬੀ.ਡੀ.ਬੀ. ਮੁੱਖ ਦਫਤਰ ਅਤੇ ਠੇਕਾ ਪ੍ਰਬੰਧ ਯੁਨਿਟਾਂ ਵਿਚ ਸਮਾਜਕ ਵਿਕਾਸ ਸੈਲ ਦੀ ਸਥਾਪਨਾ:-

ਮੁੱਖ ਦਫਤਰ ਵਿਚ ਸੰਸਥਾਮਈ ਪ੍ਰਬੰਧਾਂ ਵਿਚ ਪ੍ਰਾਜੈਕਟ ਅਫਸਰ ਦੀ ਸਮਰਥਾ ਵਿਚ ਵਾਧਾ ਕਰਨ ਦੇ ਕੰਮ ਨੂੰ ਸ਼ਾਮਲ ਕੀਤਾ ਜਾਵੇਗਾ। ਉਪ ਮੰਡਲ ਕਾਰਜਕਾਰੀ ਇੰਜੀਨੀਅਰ ਦੇ ਰੁਤਬੇ ਦਾ ਆਰ.ਐਂਡ.ਆਰ ਅਫਸਰ ਇਸ ਪ੍ਰਾਜੈਕਟ ਦੇ ਪੁਨਰ ਸਥਾਪਨ ਅਤੇ ਮੁੜਵਸੇਵੇ ਦੇ ਹਿਸੇ ਦੀ ਦੇਖਭਾਲ ਕਰਨ ਲਈ ਲਾਇਆ ਜਾਵੇਗਾ। ਆਰ.ਐਂਡ.ਆਰ ਸਬੰਧਤ ਸਾਰੇ ਮਾਮਲਿਆਂ ਬਾਰੇ ਉਹ ਪ੍ਰਾਜੈਕਟ ਡਾਇਰੈਕਟਰ ਨੂੰ ਰਪੋਟ ਕਰੇਗਾ/ਕਰੇਗੀ। ਸਮਾਜਕ ਵਿਕਾਸ ਪਹਿਲੂਆਂ, ਡੇਟਾ ਆਧਾਰ ਪ੍ਰਬੰਧ ਸਪੇਸ਼ਿਅਲਿਸ਼ਟ, ਭਾਇਚਾਰਕ ਵਿਕਾਸ ਅਫਸਰ ਅਤੇ ਵਿਸ਼ੇਸ਼ ਭੋਂ ਪ੍ਰਾਪਤੀ ਅਫਸਰ ਦਾ ਤਜਰਬਾ ਰੱਖਣ ਵਾਲਾ ਆਰ.ਐਡ.ਆਰ ਅਫਸਰ ਉਸ ਦੀ ਮਦਦ ਕਰੇਗਾ।

25 ਭੌਂ-ਖਰੀਦ ਨਾਲ ਸਬੰਧਤ ਸਾਰੀਆਂ ਸੇਵਾਵਾਂ, ਲੋਕ ਨਿਰਮਾਣ ਵਿਭਾਗ ਦੇ ਜਲੰਧਰ ਆਧਾਰਤ ਪਹਿਲਾਂ ਦੇ ਮੌਜੂਦ ਭੌਂ-ਖਰੀਦ ਅਫਸਰ ਪਾਸੋਂ ਅਤੇ ਸਰਕਾਰ ਦੁਆਰਾ ਸਮੇਂ-ਸਮੇਂ ਐਲਾਨ ਕੀਤੇ ਗਏ ਭੋ ਖਰੀਦ ਅਫਸਰਾਂ ਪਾਸੋਂ ਲੇ ਲਈਆਂ ਜਾਣਗੀਆਂ। ਆਰ.ਐਂਡ.ਆਰ ਅਫਸਰ ਦੇ ਕੰਮਾਂ/ਜਿਮੇਵਾਰੀਆਂ ਵਿਚ ਮੋਟੇ ਤੋਰਤੇ ਨਿਮਨ ਗਲਾਂ ਸ਼ਾਮਲ ਹੋਣਗੀਆਂ:-

ੳ ਉਹ ਮੁੱਖ ਦਫਤਰ ਵਿਖੇ ਆਰ.ਏ.ਪੀ ਅਤੇ ਭੌਂ ਖਰੀਦ ਯੋਜਨਾ ਨੂੰ ਅੰਤਮ ਰੂਪ ਦੇਣ ਵਿਚ ਡਿਪਟੀ ਪ੍ਰਾਜੈਕਟ ਡਾਇਰੇਕਟਰ ਅਤੇ ਪ੍ਰਾਜੈਕਟ ਡਾਇਰੇਕਟਰ ਦੀ ਮਦਦ ਕਰੇਗਾ।

ਅ ਆਰ.ਐਂਡ ਆਰ ਦੇ ਮਾਮਲਿਆਂ ਵਿਚ ਮਦਦ ਕਰੇਗਾ ਅਤੇ ਸਲਾਹ ਦੇਵੇਗਾ।

ੲ ਠੇਕਾ ਕਿਰਤ ਐਨ.ਜੀ.ਓ. ਅਰਥਾਤ ਸੁਸਾਇਟੀ ਐਕਟ ਵਿਦਿਅਕ ਸੰਸਥਾ ਅਤੇ ਸਲਾਹਕਾਰ ਫਰਮ ਤਹਿਤ (ਰਜਿਸਟਰ ਸ਼ੁਦਾ ਸੰਸਥਾ) ਦੁਆਰਾ ਲਾਗੂ ਕੀਤੇ ਗਏ ਆਰ.ਏ.ਪੀ ਦੀ ਨਿਗਰਾਨੀ ਕਰਨੀ।

ਸ ਵੱਖ-ਵੱਖ ਕਨਟ੍ਰੇਕਟ ਪੈਕੇਜਿਜ ਤੋਂ ਆਰ ਐਂਡ ਆਰ ਸਰਗਰਮੀਆਂ ਨਾਲ ਸਬੰਧਤ ਪ੍ਰਾਪਤ ਡੇਟਾ ਦਾ ਸੰਗ੍ਰਹਿ ਤਿਆਰ ਕਰਨਾ ਅਤੇ ਰਪੋਟਿੰਗ ਅਫਸਰ ਨੂੰ ਅਧੂਨਿਕ ਬਣਾਉਣਾ ਅਤੇ ਕੀਤੇ ਜਾਣ ਵਾਲੇ ਉਚਿਤ ਉਪਾਅ ਸਾਧਨਾ ਬਾਰੇ ਸੁਝਾਉ ਦੇਣੇ।

ਹ ਐਨ.ਜੀ.ਓ ਅਤੇ ਉਸਾਰੀ ਤੇ ਨਿਗਰਾਨ ਸਲਾਹਕਾਰ (ਸੀ.ਐਸ.ਪੀ) ਨਾਲ ਬਕਾਇਦਾ ਆਧਾਰ ਤੇ ਪਰਸਪਰ ਕਾਰਵਾਈ ਕਰਨਾ।

ਕ ਮਿਟਿੰਗਾ ਵਿਚ ਭਾਗ ਲੈਣਾ ਅਤੇ ਪੀ.ਏ. ਐਫਜ਼ ਦੇ ਗਿਲੇ ਸ਼ਿਕਵੇ ਦੂਰ ਕਰਨ ਲਈ ਸ਼ਿਕਾਇਤ ਨਿਵਾਰਣ ਕਮੇਟੀ ਦੀ ਮੀਟਿੰਗ ਵਿੱਚ ਸ਼ਿਰਕਤ ਕਰਨੀ।

ਖ ਆਰ ਐਂਡ ਆਰ ਨਾਲ ਸਬੰਧਤ ਮਾਮਲਿਆਂ ਬਾਰੇ ਠੇਕਾ ਪ੍ਰਬੰਧ ਯੁਨਿਟ ਦੀ ਮਦਦ ਕਰਨੀ।

ਗ ਬੀ.ਓ. ਕਿਉ. ਵਿਚ ਸੀ.ਪੀ. ਆਰਜ ਦੀ ਉਸਾਰੀ ਮੁੜ ਵਸੇਵੇ ਅਤੇ ਮੁੜ ਸਥਾਪਨਤ ਲਈ ਬਜਟ ਸਬੰਧੀ ਉਪਬੰਧ ਨੂੰ ਯਕੀਨੀ ਬਣਾਉਣਾ।

ਘ ਆਰ.ਏ.ਪੀ. ਨੂੰ ਲਾਗੂ ਕਰਨ ਲਈ ਵਕਤ ਸਿਰ ਬਜੱਟ ਰੀਲੀਜ ਕਰਨਾ।

ਝ ਸਮੇਂ ਸਮੇਂ ਤੇ ਪ੍ਰਾਜੈਕਟ ਡਾਇਰੈਕਟਰ ਦੁਆਰਾ ਦਿਤਾ ਗਿਆ ਕੋਈ ਵੀ ਹੋਰ ਕੰਮ।

26 ਕਿਉਂ ਜੋ ਇਕੋ ਸਮੇਂ ਕਈ ਕਨਟਰੈਕਟ ਪੈਕੇਜਿਜ ਦੇ ਕੰਮ ਕਰਨ ਦੀ ਸੰਭਾਵਨਾ ਹੈ ਇਸ ਲਈ ਹਰ ਇਕ ਕੰਟ੍ਰੈਕਟ ਪੈਕੇਜ ਲਈ ਪ੍ਰਾਜੈਕਟ ਅਥਾਰਟੀ ਦੁਆਰਾ ਠੇਕਾ ਅਧਾਰ ਤੇ ਇਕ ਸਹਾਇਕ ਆਰ ਐਂਡ ਆਰ ਅਫਸਰ (ਏ ਆਰ ਆਰ ਓ) ਇਕ ਸਹਾਇਕ ਭਾਈਚਾਰ ਵਿਕਾਸ ਅਫਸਰ ਅਤੇ ਭੌਂ-ਖਰੀਦ ਅਫਸਰ ਨਿਯੁਕਤ ਕੀਤਾ ਜਾਵੇਗਾ। ਏ.ਪੀ.ਆਰ.ਆਰ.ਓ. ਮੁਖ ਦਫਤਰ ਵਿਖੇ ਆਰ ਐਂਡ ਆਰ ਅਫਸਰ ਤੋਂ ਹੁਕਮ ਅਤੇ ਸੇਧਾਂ ਪ੍ਰਾਪਤ ਕਰੇਗਾ ਅਤੇ ਠੇਕਾ ਪ੍ਰਬੰਧ ਯੂਨਿਟ ਨੂੰ ਰਿਪੋਰਟ ਕਰੇਗਾ। ਏ.ਪੀ.ਆਰ.ਓ ਦੇ ਮੋਟੇ ਤੋਰ ਤੇ ਕਾਰਜ ਅਤੇ ਉਸ ਦੀਆਂ ਜਿਮੇਵਾਰੀਆਂ ਇਹ ਹੋਣਗੀਆਂ:-

